25-APRIL-PAGE-1.qxd 4/24/2023 11:00 PM Page 1

ਮੰਗਲਵਾਰ, 25 ਅਪ੍ਰੈਲ, 2023
12 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 324

ਨਵਾਂ ਜ਼ਮਾਨਾ

DAILY NAWAN ZAMANA • TUESDAY, 25 APRIL, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਦੋ ਤੋਂ ਵੱਧ ਬੱਚਿਆਂ ਵਾਲਿਆਂ ਨੂੰ ਚੋਣ ਨਾ ਲੜਨ ਦਿੱਤੀ ਜਾਵੇ : ਅਜੀਤ ਪਵਾਰ

ਪੁਣੇ : ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਜੀਤ ਪਵਾਰ ਨੇ ਕਿਹਾ ਹੈ ਕਿ ਦੋ ਤੋਂ ਵੱਧ ਬੱਚੇ ਪੈਦਾ ਕਰਨ ਵਾਲੇ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਛੋਟ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਇੱਥੋਂ ਤੱਕ ਕਿ ਅਜਿਹੇ ਵਿਧਾਇਕਾਂ ਨੂੰ ਵੀ ਚੋਣ ਲੜਨ ਲਈ ਅਯੋਗ ਠਹਿਰਾਇਆ ਜਾਣਾ ਚਾਹੀਦਾ ਹੈ। ਪਵਾਰ ਨੇ ਬਾਰਾਮਤੀ 'ਚ ਇੱਕ ਸਮਾਗਮ 'ਚ ਕਿਹਾ ਕਿ ਭਾਰਤ ਨੇ ਆਬਾਦੀ ਵਾਧੇ ਦੇ ਮਾਮਲੇ 'ਚ ਚੀਨ ਨੂੰ ਪਛਾੜ ਦਿੱਤਾ ਹੈ।

ਮੁਨੱਵਰ ਫਾਰੂਕੀ ਖਿਲਾਫ ਸਾਰੇ ਕੇਸ ਇੰਦੌਰ ਤਬਦੀਲ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਇੱਕ ਸ਼ੋਅ ਦੌਰਾਨ ਹਿੰਦੂ ਦੇਵੀ-ਦੇਵਤਿਆਂ ਖਿਲਾਫ ਕਥਿਤ ਟਿੱਪਣੀ ਕਰਨ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ 'ਚ ਕਾਮੇਡੀਅਨ ਮੁਨੱਵਰ ਫਾਰੂਕੀ ਖਿਲਾਫ ਦਰਜ ਕੀਤੇ ਸਾਰੇ ਕੇਸ ਸੋਮਵਾਰ ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਤਬਦੀਲ ਕਰ ਦਿੱਤੇ। ਜਸਟਿਸ ਬੀ ਆਰ ਗਵਈ ਅਤੇ ਜਸਟਿਸ ਸੰਜੈ ਦੀ ਬੈਂਚ ਨੇ ਦਿੱਲੀ 'ਚ ਫਾਰੂਕੀ ਖਿਲਾਫ ਜਾਰੀ 'ਪ੍ਰੋਡੱਕਸ਼ਨ ਵਾਰੰਟ' ਸੰਬੰਧੀ ਉਸ ਨੂੰ ਦਿੱਤੀ ਗਈ ਅੰਤਰਿਮ ਰਾਹਤ ਵੀ ਤਿੰਨ ਹਫਤੇ ਹੋਰ ਵਧਾ ਦਿੱਤੀ ਹੈ। ਉਸ ਨੇ ਸਪੱਸ਼ਟ ਕੀਤਾ ਕਿ ਉਸ ਨੇ ਇਸ ਨੂੰ ਰੱਦ ਕਰਨ ਦੀ ਪਟੀਸ਼ਨ ਦੇ ਗੁਣ-ਦੋਸ਼ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਜੇ ਕੋਈ ਪਟੀਸ਼ਨ ਪਾਈ ਜਾਂਦੀ ਹੈ ਤਾਂ ਉਸ ਦੇ ਗੁਣ-ਦੋਸ਼ ਦੇ ਆਧਾਰ 'ਤੇ ਕਾਨੂੰਨ ਮੁਤਾਬਕ ਵਿਚਾਰ ਕੀਤਾ ਜਾਵੇਗਾ।

ਤੇਂਦੁਲਕਰ ਦੇ ਨਾਂਅ 'ਤੇ ਗੇਟ

ਸਿਡਨੀ : ਭਾਰਤੀ ਬੱਲੇਬਾਜ਼ ਸਚਿਨ ਤੇਂਦੁਲਕਰ ਦੇ 50ਵੇਂ ਜਨਮ ਦਿਨ ਮੌਕੇ ਸਿਡਨੀ ਕ੍ਰਿਕਟ ਗਰਾਊਂਡ 'ਚ ਸੋਮਵਾਰ ਉਸ ਦੇ ਨਾਂਅ 'ਤੇ ਇੱਕ ਗੇਟ ਦਾ ਨਾਮਕਰਨ ਕੀਤਾ ਗਿਆ। ਤੇਂਦੁਲਕਰ ਨੇ ਇਥੇ ਖੇਡੇ ਪੰਜ ਟੈਸਟ ਮੈਚਾਂ 'ਚ 157 ਦੀ ਔਸਤ ਨਾਲ 785 ਦੌੜਾਂ ਬਣਾਈਆਂ ਸਨ। ਇੱਥੇ ਉਸ ਦਾ ਸਭ ਤੋਂ ਵੱਧ ਸਕੋਰ ਨਾਬਾਦ 241 ਰਿਹਾ। ਤੇਂਦੁਲਕਰ ਨੇ ਭਾਰਤ ਦੇ ਬਾਹਰ ਸਿਡਨੀ ਦੀ ਗਰਾਊਂਡ ਨੂੰ ਆਪਣਾ ਮਨਪਸੰਦ ਕ੍ਰਿਕਟ ਮੈਦਾਨ ਕਰਾਰ ਦਿੱਤਾ।

ਅਮਰੀਕੀ ਤੇ ਭਾਰਤੀ ਜਹਾਜ਼ਾਂ ਵੱਲੋਂ ਸਾਂਝੀ ਮਸ਼ਕ

ਕਲਾਈਕੁੰਡਾ : ਭਾਰਤ ਅਤੇ ਅਮਰੀਕਾ ਦੀ ਹਵਾਈ ਫੌਜ ਦੇ ਲੜਾਕੂ ਜਹਾਜ਼ਾਂ ਨੇ ਪੱਛਮੀ ਬੰਗਾਲ ਦੇ ਪੱਛਮੀ ਮੇਦਿਨੀਪੁਰ ਜ਼ਿਲ੍ਹੇ 'ਚ ਕਲਾਈਕੁੰਡਾ ਏਅਰ ਫੋਰਸ ਸਟੇਸ਼ਨ 'ਤੇ ਸਾਂਝੀ ਮਸ਼ਕ 'ਚ ਹਿੱਸਾ ਲਿਆ। 'ਕੋਪ ਇੰਡੀਆ 2023' ਮਸ਼ਕ ਤਹਿਤ ਹਵਾਈ ਫੌਜ ਦੇ ਅੱਡੇ ਤੋਂ ਦੋਵਾਂ ਦੇਸ਼ਾਂ ਦੀਆਂ ਹਵਾਈ ਫੌਜਾਂ ਦੇ ਪੰਜ ਚੋਟੀ ਦੇ ਲੜਾਕੂ ਜਹਾਜ਼ਾਂ ਨੇ ਇੱਕ ਤੋਂ ਬਾਅਦ ਇੱਕ ਕਰਕੇ ਤੇਜ਼ੀ ਨਾਲ ਉਡਾਣ ਭਰੀ। ਇਸ ਮਸ਼ਕ 'ਚ ਭਾਰਤ ਦੇ ਤੇਜਸ, ਰਾਫਾਲ, ਜੈਗੁਆਰ ਅਤੇ ਐੱਸ ਯੂ-30 ਐੱਮ ਕੇ ਆਈ ਲੜਾਕੂ ਜਹਾਜ਼ਾਂ ਅਤੇ ਅਮਰੀਕਾ ਦੇ ਐੱਫ-15 ਲੜਾਕੂ ਜਹਾਜ਼ ਨੇ ਹਿੱਸਾ ਲਿਆ। ਇਹ ਮਸ਼ਕ ਦਸ ਅਪਰੈਲ ਤੋਂ ਸ਼ੁਰੂ ਹੋਈ ਸੀ ਅਤੇ ਸੋਮਵਾਰ ਇਸ ਦਾ ਆਖਰੀ ਦਿਨ ਸੀ।

7.1 ਸ਼ਿੱਦਤ ਦਾ ਭੁਚਾਲ

ਵੇਲਿੰਗਟਨ : ਪ੍ਰਸ਼ਾਂਤ ਮਹਾਂਸਾਗਰ ਦੇ ਇੱਕ ਦੂਰ-ਦੁਰਾਡੇ ਹਿੱਸੇ 'ਚ ਸੋਮਵਾਰ 7.1 ਸ਼ਿੱਦਤ ਦਾ ਭੂਚਾਲ ਆਇਆ, ਪਰ ਸੁਨਾਮੀ ਦਾ ਕੋਈ ਖਤਰਾ ਨਹੀਂ ਹੈ। ਅਮਰੀਕੀ ਭੂ-ਵਿਗਿਆਨ ਸਰਵੇਖਣ ਮੁਤਾਬਕ ਇਹ ਭੂਚਾਲ ਨਿਊਜ਼ੀਲੈਂਡ ਦੇ ਉੱਤਰੀ ਟਾਪੂ ਤੋਂ ਲੱਗਭੱਗ 900 ਕਿਲੋਮੀਟਰ ਉੱਤਰ-ਪੂਰਬ 'ਚ ਕੇਰਮਾਡੇਕ ਟਾਪੂ ਨੇੜੇ 49 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ। ਨਿਊਜ਼ੀਲੈਂਡ ਦੀ ਕੌਮੀ ਆਫਤ ਪ੍ਰਬੰਧਨ ਏਜੰਸੀ ਨੇ ਕਿਹਾ ਕਿ ਉਹ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਭੂਚਾਲ ਮੁੜ ਨਿਊਜ਼ੀਲੈਂਡ ਨੂੰ ਪ੍ਰਭਾਵਤ ਕਰ ਸਕਦਾ ਹੈ ਜਾਂ ਨਹੀਂ।

ਪਿਛਲੀਆਂ ਸਰਕਾਰਾਂ ਨੇ ਪਿੰਡਾਂ ਨੂੰ ਅਣਗੌਲਿਆ : ਮੋਦੀ

ਰੀਵਾ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪਿੰਡਾਂ ਨੂੰ ਅਣਗੌਲਿਆ ਕੀਤਾ, ਕਿਉਂਕਿ ਉਹ ਵੋਟ ਬੈਂਕ ਨਹੀਂ ਸਨ। ਕੌਮੀ ਪੰਚਾਇਤੀ ਰਾਜ ਦਿਵਸ ਮੌਕੇ ਰੀਵਾ 'ਚ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਸਥਿਤੀ ਨੂੰ ਬਦਲ ਦਿੱਤਾ ਹੈ ਅਤੇ ਪੰਚਾਇਤਾਂ ਨੂੰ ਬਹੁਤ ਸਾਰੀਆਂ ਗਰਾਂਟਾਂ ਦਿੱਤੀਆਂ ਹਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ-ਪਹਿਲਾਂ ਸਰਕਾਰਾਂ ਪਿੰਡਾਂ ਲਈ ਪੈਸਾ ਖਰਚ ਕਰਨ ਤੋਂ ਕਤਰਾਉਂਦੀਆਂ ਸਨ, ਕਿਉਂਕਿ ਉਹ ਵੋਟ ਬੈਂਕ ਨਹੀਂ ਸਨ। ਇਸ ਲਈ ਉਨ੍ਹਾਂ ਨੂੰ ਅਣਗੌਲਿਆ ਕੀਤਾ ਗਿਆ। ਕਈ ਸਿਆਸੀ ਪਾਰਟੀਆਂ ਪਿੰਡ ਦੇ ਲੋਕਾਂ ਨੂੰ ਵੰਡ ਕੇ ਆਪਣੀ ਦੁਕਾਨ ਚਲਾ ਰਹੀਆਂ ਸਨ। ਭਾਜਪਾ ਨੇ ਪਿੰਡਾਂ ਨਾਲ ਹੋਈ ਬੇਇਨਸਾਫੀ ਨੂੰ ਖਤਮ ਕੀਤਾ ਹੈ ਅਤੇ ਉਨ੍ਹਾਂ ਦੇ ਵਿਕਾਸ ਲਈ ਖਜ਼ਾਨਾ ਖੋਲ੍ਹਿਆ ਹੈ। ਸਰਕਾਰ ਨੇ ਜਨ ਧਨ ਯੋਜਨਾ ਤਹਿਤ ਪਿੰਡਾਂ 'ਚ 40 ਕਰੋੜ ਤੋਂ ਵੱਧ ਲੋਕਾਂ ਦੇ ਬੈਂਕ ਖਾਤੇ ਖੋਲ੍ਹੇ ਹਨ।

ਭਾਜਪਾ ਨੂੰ ਹੀਰੋ ਤੋਂ ਜ਼ੀਰੋ ਬਣਾਉਣ ਲਈ ਮਹਾਂ-ਗਠਜੋੜ 'ਤੇ ਇਤਰਾਜ਼ ਨਹੀਂ : ਮਮਤਾ

ਜੇ ਪੀ ਦੇ ਹਵਾਲੇ ਨਾਲ ਬਿਹਾਰ 'ਚ ਸਰਬ ਪਾਰਟੀ ਮੀਟਿੰਗ ਕਰਨ ਦਾ ਮਸ਼ਵਰਾ

ਕੋਲਕਾਤਾ : ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਹਰਾਉਣ ਲਈ ਆਪੋਜ਼ੀਸ਼ਨ ਪਾਰਟੀਆਂ ਦੀ ਏਕਤਾ ਦੇ ਸੰਬੰਧ ਵਿਚ ਸੋਮਵਾਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਮੁਲਾਕਾਤ ਕੀਤੀ। ਨਿਤੀਸ਼ ਦੇ ਨਾਲ ਉਨ੍ਹਾ ਦੇ ਡਿਪਟੀ ਤੇਜਸਵੀ ਯਾਦਵ ਵੀ ਸਨ। ਮੀਟਿੰਗ ਨੂੰ ਉਸਾਰੂ ਦੱਸਿਆ ਗਿਆ।

ਮੀਟਿੰਗ ਤੋਂ ਬਾਅਦ ਬੈਨਰਜੀ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ—ਮੈਨੂੰ ਮਹਾਂ-ਗੱਠਜੋੜ 'ਤੇ ਕੋਈ ਇਤਰਾਜ਼ ਨਹੀਂ, ਪਰ ਪਹਿਲਾਂ ਸਾਨੂੰ ਇਹ ਸੁਨੇਹਾ ਦੇਣਾ ਪੈਣਾ ਕਿ ਅਸੀਂ ਸਾਰੇ ਇੱਕਠੇ ਹਾਂ। ਸੂਤਰਾਂ ਮੁਤਾਬਕ ਮੀਟਿੰਗ ਵਿਚ ਦੋਹਾਂ ਧਿਰਾਂ ਨੇ ਇਹ ਵਿਚਾਰਾਂ ਕੀਤੀਆਂ ਕਿ ਕਾਰਆਮਦ ਕੁਲੀਸ਼ਨ ਕਿਵੇਂ ਬੁਣੀ ਜਾ ਸਕਦੀ ਹੈ। ਨਿਤੀਸ਼ ਕੁਮਾਰ ਨੇ ਕਿਹਾ—ਭਾਰਤ ਦੇ ਵਿਕਾਸ ਲਈ ਕੁਝ ਨਹੀਂ ਕੀਤਾ ਜਾ ਰਿਹਾ, ਹੁਕਮਰਾਨ ਆਪਣੀ ਮਸ਼ਹੂਰੀ ਕਰਾਉਣ ਵਿਚ ਹੀ ਮਸ਼ਗੁਲ ਹਨ। ਮਮਤਾ ਨੇ ਕਿਹਾ—ਮੈਂ ਨਿਤੀਸ਼ ਕੁਮਾਰ ਨੂੰ ਇੱਕ ਹੀ ਬੇਨਤੀ ਕੀਤੀ ਹੈ। ਜੈਪ੍ਰਕਾਸ਼ ਜੀ ਦੀ ਲਹਿਰ ਬਿਹਾਰ ਤੋਂ ਸ਼ੁਰੂ ਹੋਈ ਸੀ। ਜੇ ਆਪਾਂ ਬਿਹਾਰ ਵਿਚ ਸਰਬ-ਪਾਰਟੀ ਮੀਟਿੰਗ ਕਰ ਲਈਏ ਤਾਂ ਆਪਾਂ ਫੈਸਲਾ ਕਰ ਸਕਦੇ ਹਾਂ ਕਿ ਅੱਗੇ ਕਿੱਧਰ ਨੂੰ ਜਾਣਾ। ਮੈਂ ਭਾਜਪਾ ਨੂੰ ਜ਼ੀਰੋ ਦੇਖਣਾ ਚਾਹੁੰਦੀ ਹਾਂ। ਉਹ ਮੀਡੀਆ ਤੇ ਝੂਠ ਦੇ ਸਹਾਰੇ ਹੀਰੋ ਬਣ ਗਏ ਹਨ। ਆਪੋਜ਼ੀਸ਼ਨ ਏਕਤਾ ਵਿਚ ਕਾਂਗਰਸ ਦੀ ਸ਼ਮੂਲੀਅਤ ਬਾਰੇ ਪੁੱਛੇ ਜਾਣ 'ਤੇ ਮਮਤਾ ਨੇ ਕਿਹਾ—ਸਾਰੀਆਂ ਪਾਰਟੀਆਂ ਸ਼ਾਮਲ ਹੋਣਗੀਆਂ। ਆਪੋਜ਼ੀਸ਼ਨ ਆਗੂ ਵਧਦੀ ਬੇਰੁਜ਼ਗਾਰੀ, ਰੁਪਏ ਦੀ ਘਟਦੀ ਕਦਰ ਤੇ ਵਧਦੀਆਂ ਕੀਮਤਾਂ ਤੋਂ ਇਲਾਵਾ ਸ ਰ ਕ ਾ ਰ

● ਬਾਕੀ ਸਫ਼ਾ 2 'ਤੇ

ਪਹਿਲਵਾਨ ਪ੍ਰਧਾਨ ਖਿਲਾਫ਼ ਸੁਪਰੀਮ ਕੋਰਟ 'ਚ

ਵਿਨੇਸ਼ ਫੋਗਾਟ, ਬਜਰੰਗ ਪੂਨੀਆ ਤੇ ਸਾਕਸ਼ੀ ਮਲਿਕ ਸੋਮਵਾਰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।

ਨਵੀਂ ਦਿੱਲੀ : ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਖਿਲਾਫ ਐੱਫ ਆਈ ਆਰ ਦਰਜ ਕਰਾਉਣ ਲਈ ਨਾਮੀ ਪਹਿਲਵਾਨ ਸੋਮਵਾਰ ਸੁਪਰੀਮ ਕੋਰਟ ਪੁੱਜ ਗਏ। ਉਨ੍ਹਾਂ ਦੀ ਤਰਫੋਂ ਸੀਨੀਅਰ ਐਡਵੋਕੇਟ ਨਰਿੰਦਰ ਹੁੱਡਾ ਨੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਅੱਗੇ ਮਾਮਲਾ ਉਠਾਇਆ ਤਾਂ ਉਨ੍ਹਾ ਕਿਹਾ ਕਿ ਉਹ ਮੰਗਲਵਾਰ ਮਾਮਲੇ ਦਾ ਜ਼ਿਕਰ ਕਰਨ, ਕਿਉਂਕਿ ਸੋਮਵਾਰ ਉਠਾਏ ਜਾਣ ਵਾਲੇ ਮਾਮਲਿਆਂ ਦੀ ਸੂਚੀ 'ਚ ਉਨ੍ਹਾ ਦੀ ਪਟੀਸ਼ਨ ਦਾ ਜ਼ਿਕਰ ਨਹੀਂ ਹੈ।

ਉੱਘੀ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਤੇ 7 ਹੋਰ ਪਹਿਲਵਾਨਾਂ ਨੇ ਸੁਪਰੀਮ ਕੋਰਟ ਤੋਂ ਮੰਗ ਕੀਤੀ ਹੈ ਕਿ ਉਹ ਦਿੱਲੀ ਪੁਲਸ ਨੂੰ ਬ੍ਰਿਜ ਭੂਸ਼ਣ ਖਿਲਾਫ ਐੱਫ ਆਈ ਆਰ ਦਰਜ ਕਰਨ ਦੀ ਹਦਾਇਤ ਕਰੇ, ਕਿਉਂਕਿ ਉਹ ਦੇਰੀ ਕਰ ਰਹੀ ਹੈ।

ਪਹਿਲਵਾਨਾਂ ਨੇ ਬ੍ਰਿਜ ਭੂਸ਼ਣ 'ਤੇ ਯੌਨ ਸ਼ੋਸ਼ਣ ਤੇ ਧਮਕਾਉਣ ਦੇ ਦੋਸ਼ ਲਾਏ ਹਨ। ਕੇਂਦਰ ਸਰਕਾਰ ਨੇ ਪ੍ਰਧਾਨ ਤੇ ਕੋਚਾਂ ਖਿਲਾਫ ਦੋਸ਼ਾਂ ਦੀ ਜਾਂਚ ਲਈ ਮੁੱਕੇਬਾਜ਼ ਮੈਰੀ ਕੌਮ ਦੀ ਅਗਵਾਈ ਵਿਚ ਪੰਜ ਮੈਂਬਰੀ ਕਮੇਟੀ ਬਣਾਈ ਸੀ।

ਇਸੇ ਦੌਰਾਨ ਦਿੱਲੀ ਪੁਲਸ ਨੇ ਦੋਸ਼ਾਂ ਦੀ ਜਾਂਚ ਲਈ ਖੇਡ ਮੰਤਰਾਲੇ ਵੱਲੋਂ ਗਠਿਤ ਜਾਂਚ ਕਮੇਟੀ ਤੋਂ ਰਿਪੋਰਟ ਮੰਗੀ ਹੈ। ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਅਜੇ ਤੱਕ ਫੈਡਰੇਸ਼ਨ ਪ੍ਰਧਾਨ ਖਿਲਾਫ ਸੱਤ ਸ਼ਿਕਾਇਤਾਂ ਮਿਲੀਆਂ ਹਨ ਅਤੇ ਉਨ੍ਹਾਂ ਸਾਰੀਆਂ ਦੀ ਜਾਂਚ ਕੀਤੀ ਜਾ ਰਹੀ ਹੈ। ਪੁਖਤਾ ਸਬੂਤ ਮਿਲਣ ਮਗਰੋਂ ਹੀ ਐੱਫ ਆਈ ਆਰ ਦਰਜ ਕੀਤੀ ਜਾਵੇਗੀ।

ਉੱਧਰ ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਪਹਿਲਵਾਨਾਂ ਵੱਲੋਂ ਜੰਤਰ ਮੰਤਰ 'ਤੇ ਮੁੜ ਸ਼ੁਰੂ ਕੀਤੇ ਗਏ ਧਰਨੇ ਦਾ ਸੋਮਵਾਰ ਦੂਜਾ ਦਿਨ ਸੀ। ਨਾਮੀ ਪਹਿਲਵਾਨ ਬਜਰੰਗ ਪੂਨੀਆ ਨੇ ਕਿਹਾ ਕਿ ਇਸ ਵਾਰ ਸਾਰੀਆਂ ਪਾਰਟੀਆਂ ਦਾ ਧਰਨੇ ਵਿਚ ਸਵਾਗਤ ਹੈ, ਭਾਵੇਂ ਉਹ ਭਾਜਪਾ ਹੋਵੇ, ਕਾਂਗਰਸ, ਆਪ ਜਾਂ ਕੋਈ ਹੋਰ ਪਾਰਟੀ। ਉਹ ਕਿਸੇ ਪਾਰਟੀ ਨਾਲ ਜੁੜੇ ਹੋਏ ਨਹੀਂ ਹਨ। ਜਨਵਰੀ ਦੇ ਧਰਨੇ ਵਿਚ ਉਨ੍ਹਾ ਕਿਸੇ ਪਾਰਟੀ ਦੇ ਆਗੂ ਨੂੰ ਮੰਚ 'ਤੇ ਨਹੀਂ ਆਉਣ ਦਿੱਤਾ ਸੀ। ਪਹਿਲਵਾਨਾਂ ਨੇ ਹਰਿਆਣਾ ਦੀਆਂ ਖਾਪ ਪੰਚਾਇਤਾਂ ਤੋਂ ਵੀ ਹਮਾਇਤ ਮੰਗੀ ਹੈ। ਉਨ੍ਹਾ ਕਿਹਾ ਕਿ ਪਿਛਲੀ ਵਾਰ ਭੁੱਲ ਹੋ ਗਈ ਤੇ ਅੱਜ ਸਭ ਦੀ ਬਹੁਤ ਲੋੜ ਹੈ।

ਇਸੇ ਦੌਰਾਨ ਕੇਂਦਰੀ ਖੇਡ ਮੰਤਰਾਲੇ ਨੇ ਫੈਡਰੇਸ਼ਨ ਦੀ 7 ਮਈ ਨੂੰ ਹੋਣ ਵਾਲੀ ਚੋਣ ਰੋਕ ਦਿੱਤੀ ਹੈ ਤੇ ਇੰਡੀਅਨ ਉਲੰਪਿਕ ਐਸੋਸੀਏਸ਼ਨ ਨੂੰ ਕਿਹਾ ਹੈ ਕਿ ਉਹ ਫੈਡਰੇਸ਼ਨ ਦਾ ਰੋਜ਼ਾਨਾ ਦਾ ਕੰਮ ਚਲਾਉਣ ਲਈ ਐਡਹਾਕ ਕਮੇਟੀ ਬਣਾਵੇ।

ਪਹਿਲਵਾਨਾਂ ਨੇ ਕਿਹਾ ਹੈ ਕਿ ਚੋਣਾਂ ਨਾਲ ਉਨ੍ਹਾਂ ਦਾ ਕੋਈ ਲੈਣਾ-ਦੇਣਾ ਨਹੀਂ। ਉਹ ਮਹਿਲਾ ਪਹਿਲਵਾਨਾਂ ਨਾਲ ਖਿਲਵਾੜ ਕਰਨ ਵਾਲੇ ਪ੍ਰਧਾਨ ਖਿਲਾਫ ਯੋਗ ਜਾਂਚ ਲਈ ਅੰਦੋਲਨ ਜਾਰੀ ਰੱਖਣਗੇ। ਵਿਨੇਸ਼ ਫੋਗਾਟ, ਬਜਰੰਗ ਪੂਨੀਆ ਤੇ ਸਾਕਸ਼ੀ ਮਲਿਕ ਨੇ ਕਿਹਾ ਕਿ ਜਨਵਰੀ ਵਿਚ ਪ੍ਰੋਟੈੱਸਟ ਕਰਕੇ ਉਨ੍ਹਾਂ ਗਲਤੀ ਕੀਤੀ। ਦਰਅਸਲ ਕੁਝ ਲੋਕਾਂ ਨੇ ਉਨ੍ਹਾਂ ਨੂੰ ਗੁੰਮਰਾਹ ਕਰ ਦਿੱਤਾ ਸੀ।

ਫੋਗਾਟ ਨੇ ਕਿਹਾ—ਹੁਣ ਅਸੀਂ ਕਿਸੇ ਦੀ ਨਹੀਂ ਸੁਣਨੀ। ਅਸੀਂ ਪ੍ਰੋਟੈੱਸਟ ਦਾ ਚਿਹਰਾ ਹੋਵਾਂਗੇ, ਪਰ ਗੁਰੂਜਨ ਤੇ ਕੋਚ-ਖਲੀਫੇ ਮਾਰਗ-ਦਰਸ਼ਨ ਕਰਨਗੇ। ਹੁਣ ਵਿਚੋਲਿਆਂ ਦੀ ਨਹੀਂ ਸੁਣਨੀ, ਕਿਸੇ ਨੂੰ ਧੋਖਾ ਨਹੀਂ ਕਰਨ ਦੇਵਾਂਗੇ। ਅਸੀਂ ਚਾਹੁੰਦੇ ਹਾਂ ਕਿ ਪੁਲਸ ਐੱਫ ਆਈ ਆਰ ਦਰਜ ਕਰਕੇ ਮਾਮਲੇ ਦੀ ਜਾਂਚ ਕਰੇ। ਅਸੀਂ ਆਜ਼ਾਦ ਭਾਰਤ ਦੇ ਨਾਗਰਿਕ ਹਾਂ ਤੇ ਇਨਸਾਫ ਹਾਸਲ ਕਰਨ ਦੇ ਕਈ ਰਾਹ ਹਨ। ਕੀ ਸਾਨੂੰ ਕਿਤਿਓਂ ਵੀ ਇਨਸਾਫ ਨਹੀਂ ਮਿਲੇਗਾ?

ਪਹਿਲਵਾਨਾਂ ਨੇ ਜਨਵਰੀ ਵਿਚ ਪ੍ਰਸਿੱਧ ਪਹਿਲਵਾਨ ਬਬੀਤਾ ਫੋਗਾਟ ਦੀ ਵਿਚੋਲਗੀ ਮਗਰੋਂ ਧਰਨਾ ਚੁੱਕ ਲਿਆ ਸੀ। ਫੋਗਾਟ ਨੇ ਆਪਣੀ ਰਿਸ਼ਤੇਦਾਰ ਬਬੀਤਾ ਬਾਰੇ ਕਿਹਾ ਕਿ ਸ਼ਾਇਦ ਉਸ ਨੂੰ ਕੁਸ਼ਤੀ ਨਾਲੋਂ ਸਿਆਸਤ ਜ਼ਿਆਦਾ ਚੰਗੀ ਲੱਗਦੀ ਹੈ। ਬਬੀਤਾ ਸਰਕਾਰ ਵੱਲੋਂ ਬਣਾਈ ਕਮੇਟੀ ਵਿਚ ਸ਼ਾਮਲ ਸੀ, ਪਰ ਪਹਿਲਵਾਨ ਉਸ ਦੇ ਰੋਲ ਤੋਂ ਨਾਖੁਸ਼ ਹਨ। ਸਾਕਸ਼ੀ ਨੇ ਕਿਹਾ—ਜੇ ਅਸੀਂ ਗਲਤ ਹਾਂ ਤਾਂ ਸਾਡੇ ਖਿਲਾਫ ਜਵਾਬੀ ਐੱਫ ਆਈ ਆਰ ਦਰਜ ਕਰ ਲਈ ਜਾਵੇ।

ਸਰਕਾਰ ਵੱਲੋਂ 23 ਜਨਵਰੀ ਨੂੰ ਬਣਾਈ ਗਈ ਛੇ ਮੈਂਬਰੀ ਕਮੇਟੀ ਨੇ 5 ਅਪ੍ਰੈਲ ਨੂੰ ਰਿਪੋਰਟ ਦੇ ਦਿੱਤੀ ਸੀ, ਪਰ ਸਰਕਾਰ ਨੇ ਇਸ ਨੂੰ ਜਨਤਕ ਨਹੀਂ ਕੀਤਾ।

ਸਾਬਕਾ ਗਵਰਨਰ ਸਤਿਆਪਾਲ ਮਲਿਕ ਨੇ ਸਰਕਾਰ ਬੇਟੀ ਬਚਾਓ ਦਾ ਨਾਅਰਾ ਕਿਹੜੇ ਮੂੰਹ ਨਾਲ ਦਿੰਦੀ ਹੈ। ਦੇਸ਼ ਦੀਆਂ ਬੇਟੀਆਂ ਤਿੰਨ ਮਹੀਨਿਆਂ ਤੋਂ ਇਨਸਾਫ ਲਈ ਭਟਕ ਰਹੀਆਂ ਹਨ। ਦੇਸ਼ ਦੇ ਭਵਿੱਖ ਨਾਲ ਖਿਲਵਾੜ ਇਸ ਕਰਕੇ ਕੀਤਾ ਜਾ ਰਿਹਾ ਹੈ ਕਿਉਂਕਿ ਜਿਸ 'ਤੇ ਦੋਸ਼ ਹੈ ਉਹ ਭਾਜਪਾ ਦਾ ਸਾਂਸਦ ਹੈ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਪਹਿਲਵਾ

25-APRIL-PAGE-1.qxd 4/24/2023 11:01 PM Page 2

ਭਗਵਾਨ ਪਰਸ਼ੂਰਾਮ ਜਯੰਤੀ ਮੌਕੇ ਬ੍ਰਾਹਮਣ ਸਭਾ ਵੱਲੋਂ ਸਮਾਗਮ

ਜੈਤੋ (ਸਤੀਸ਼ ਕੁਮਾਰ ਭੀਰੀ)- ਭਗਵਾਨ ਸ੍ਰੀ ਪਰਸ਼ੂਰਾਮ ਜਯੰਤੀ ਮੌਕੇ ਸ੍ਰੀ ਬ੍ਰਾਹਮਣ ਸਭਾ ਦੀ ਤਰਫੋਂ ਚੌਧਰੀ ਚਿਰੰਜੀ ਲਾਲ ਦੀ ਧਰਮਸ਼ਾਲਾ ਵਿਖੇ ਇੱਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਸ੍ਰੀ ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਦੀ ਸਾਧਵੀ ਭੈਣ ਰਿਤੂ ਭਾਰਤੀ ਤੇ ਭੈਣ ਸੌਮਿਆ ਭਾਰਤੀ ਨੇ ਭਗਵਾਨ ਪਰਸ਼ੂਰਾਮ ਜੀ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਭਜਨ ਗਾਇਕ ਜੋਤੀ ਸ਼ਰਮਾ ਨੇ ਆਪਣੇ ਭਜਨਾਂ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਸੰਗੀਤ ਅਧਿਆਪਕ ਤੇਜਪਾਲ ਪਰਵਾਨਾ ਨੇ ਤਬਲੇ 'ਤੇ ਉਪਰੋਕਤ ਪੇਸ਼ਕਾਰੀ ਦਾ ਖੂਬ ਸਾਥ ਦਿੱਤਾ। ਆਲ ਇੰਡੀਆ ਬ੍ਰਾਹਮਣ ਫੈਡਰੇਸ਼ਨ ਦੇ ਸਰਪ੍ਰਸਤ ਮਹੰਤ ਸ੍ਰੀ ਨਿਵਾਸ ਸ਼ਰਮਾ, ਪ੍ਰਦੀਪ ਸ਼ਰਮਾ, ਸੱਤਿਆ ਨਾਰਾਇਣ ਸ਼ਰਮਾ, ਆਨੰਦ ਕੁਮਾਰ ਸ਼ਰਮਾ ਰਿਟਾਇਰਡ ਮੈਨੇਜਰ, ਕਰਨੈਲ ਸਿੰਘ ਬਰਾੜ, ਰਮੇਸ਼ ਸ਼ਰਮਾ ਸੰਘ-ਸੰਚਾਲਕ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ, ਸਕੱਤਰ ਪ੍ਰਹਿਲਾਦ ਰਾਏ ਗਰਗ, ਸਹਿ-ਖਜ਼ਾਨਚੀ ਰਾਜੀਵ ਸਿੰਗਲਾ, ਸੈਂਟਰ ਇੰਚਾਰਜ ਮੇਜਰ ਸਿੰਘ, ਸਹਿ-ਸੰਗਠਨ ਸਕੱਤਰ ਵਿਜੇ ਸਿੰਗਲਾ, ਮਹਿਲਾ ਸਕੱਤਰ ਰਿਤੂ ਸਿੰਗਲਾ, ਰੀਨਾ ਗੋਇਲ, ਸੁਨੀਤਾ ਸ਼ਰਮਾ, ਅਨੂਪ ਸ਼ਰਮਾ, ਸ੍ਰੀ ਅਗਰਵਾਲ ਸਭਾ ਦੇ ਸਰਪ੍ਰਸਤ ਤੀਰਥ ਰਾਜ ਗਰਗ ਆਦਿ ਦਾ ਪ੍ਰੋਗਰਾਮ ਦੀ ਸਫਲਤਾ 'ਚ ਵਿਸ਼ੇਸ਼ ਯੋਗਦਾਨ ਰਿਹਾ। ਪ੍ਰੋਗਰਾਮ ਦੇ ਅੰਤ ਵਿੱਚ ਸ੍ਰੀ ਬ੍ਰਾਹਮਣ ਸਭਾ ਦੇ ਪ੍ਰਧਾਨ ਰਾਮ ਗੋਪਾਲ ਸ਼ਰਮਾ ਤੇ ਸੁਸ਼ੀਲ ਕੁਮਾਰ ਸ਼ਰਮਾ ਨੇ ਸਭ ਨੂੰ ਵਧਾਈ ਦਿੱਤੀ। ਭੈਣ ਰਿਤੂ ਭਾਰਤੀ, ਭੈਣ ਸੌਮਿਆ ਭਾਰਤੀ, ਤੇਜਪਾਲ ਪਰਵਾਨਾ, ਸ੍ਰੀ ਨਿਵਾਸ ਸ਼ਰਮਾ ਤੇ ਪ੍ਰਦੀਪ ਸ਼ਰਮਾ ਦਾ ਪਹੁੰਚਣ 'ਤੇ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।

ਖੇਤੀ 'ਚ ਵਰਤੇ ਜਾਂਦੇ ਰਸਾਇਣਾਂ ਦੇ ਮਾਰੂ ਪ੍ਰਭਾਵ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ

ਜਗਰਾਉਂ (ਅਮਿਤ ਖੰਨਾ)-ਜਦ ਤੋਂ ਲੋਕਾਂ ਨੇ ਖੇਤੀ ਦਾ ਕੁਦਰਤੀ ਮਾਡਲ ਛੱਡ ਕੇ ਰਸਾਇਣਕ ਖਾਦਾਂ ਦੀ ਵਰਤੋਂ ਸ਼ੁਰੂ ਕੀਤੀ ਹੈ, ਲੋਕਾਂ ਵਿੱਚ ਬਿਮਾਰੀਆਂ ਲਗਾਤਾਰ ਵਧ ਰਹੀਆ ਹਨ ਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਘਟ ਰਹੀ ਹੈ। ਅਪੰਗ ਬੱਚੇ ਪੈਦਾ ਹੋ ਰਹੇ ਹਨ, ਤੇ ਪੰਜਾਬ ਨੂੰ ਕੈਂਸਰ ਦੀ ਰਾਜਧਾਨੀ ਕਿਹਾ ਜਾਣ ਲਗ ਪਿਆ ਹੈ। ਵਿਸ਼ਵ ਧਰਤੀ ਦਿਵਸ ਮੌਕੇ ਜਿਥੇ ਟੀਮ ਵੱਲੋਂ ਜੰਗਲਾ ਹੇਠ ਰਕਬਾ ਵਧਾਉਣ, ਪਲਾਸਟਿਕ ਦੀ ਵਰਤੋਂ ਬੰਦ ਕਰਨ, ਕੋਲਾ, ਪੈਟਰੋਲ, ਡੀਜ਼ਲ ਦੀ ਖਪਤ ਘਟਾਉਣ ਦੀ ਗੱਲ ਕੀਤੀ, ਓਥੇ ਖੇਤੀ ਰਸਾਇਣਾਂ ਨੂੰ ਛੱਡ ਕੇ ਕੁਦਰਤੀ ਖੇਤੀ ਨਾਲ ਜੁੜਨ ਦਾ ਸੁਨੇਹਾ ਵੀ ਦਿੱਤਾ ਗਿਆ। ਛੇਵੀਂ ਕਲਾਸ ਦੀ ਵਿਦਿਆਰਥਣ ਗੁਰਮੰਨਤ ਕੌਰ ਨੇ ਆਪਣਾ ਜਨਮ ਦਿਨ ਵੀ ਟੀਮ ਨਾਲ ਮਨਾਇਆ। ਇਸ ਮੌਕੇ ਨਗਰ ਕੌਂਸਲ ਈ ਓ ਮਨੋਹਰ ਸਿੰਘ, ਪ੍ਰੋ ਕਰਮ ਸਿੰਘ ਸੰਧੂ, ਸਾਇੰਸ ਮਾਸਟਰ ਹਰਨਰਾਇਣ ਸਿੰਘ ਮੱਲੇਆਣਾ, ਕੇਵਲ ਕ੍ਰਿਸ਼ਨ ਮਲਹੋਤਰਾ, ਮੈਡਮ ਕੰਚਨ ਗੁਪਤਾ, ਹਰਿੰਦਰਪਾਲ ਸਿੰਘ ਮਣਕੂ, ਲਖਵਿੰਦਰ ਸਿੰਘ ਧੰਜਲ, ਕਾਇਰਾ ਮਲਹੋਤਰਾ, ਮਾਸਟਰ ਇੰਦਰਦੀਪ ਸਿੰਘ, ਜਗਮੋਹਣ ਸਿੰਘ, ਗੋਖਾ ਸਿੰਘ ਹਾਜ਼ਰ ਸਨ।

ਦੇਸ਼ ਦੀ ਤਰੱਕੀ ਲਈ ਪੇਂਡੂ ਵਿਕਾਸ ਨੂੰ ਪਹਿਲ ਦੇਣੀ ਜ਼ਰੂਰੀ : ਬੁੱਧ ਰਾਮ

ਬੁਢਲਾਡਾ (ਅਸ਼ੋਕ ਲਾਕੜਾ)-ਕਿਸੇ ਦੇਸ ਦਾ ਵਿਕਾਸ ਕਰਨਾ ਹੈ ਤਾਂ ਪੇਂਡੂ ਵਿਕਾਸ ਨੂੰ ਪਹਿਲ ਦੇਣੀ ਚਾਹੀਦੀ ਹੈ, ਕਿਉਂਕਿ ਪੇਂਡੂ ਵਿਕਾਸ ਉੱਨਤੀ ਦਾ ਧੁਰਾ ਹੁੰਦਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਹਲਕਾ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਕੁਮਚਾਰੀਆਂ ਨਾਲ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਵਿਧਾਨ ਸਭਾ ਹਲਕਾ ਬੁਢਲਾਡਾ ਦੇ ਪਿੰਡਾਂ ਵਿੱਚ ਵੱਖ-ਵੱਖ ਸਕੀਮਾਂ ਅਧੀਨ ਜਾਰੀ ਹੋਏ ਫੰਡਾਂ ਨਾਲ ਚੱਲ ਰਹੇ ਪੇਂਡੂ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ। ਬਲਾਕ ਬੁਢਲਾਡਾ ਦੇ ਸਾਰੇ ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ ਤੇ ਮਗਨਰੇਗਾ ਸਕੱਤਰਾਂ ਨਾਲ ਇਸ ਸਾਂਝੀ ਮੀਟਿੰਗ ਵਿੱਚ ਕੰਮ ਕਰਨ ਦੌਰਾਨ ਆ ਰਹੀਆਂ ਸਮੱਸਿਆਵਾਂ ਬਾਰੇ ਵਿਧਾਇਕ ਨੂੰ ਜਾਣੂ ਕਰਵਾਇਆ। ਵਿਧਾਇਕ ਸ੍ਰੀ ਬੁੱਧ ਰਾਮ ਨੇ ਕਿਹਾ ਕਿ ਇਸ ਹਲਕੇ ਦੇ ਪਿੰਡਾਂ ਨੂੰ ਜੋ ਗ੍ਰਾਂਟਾਂ ਜਾਰੀ ਹੋਈਆਂ ਹਨ, ਉਨ੍ਹਾਂ ਗ੍ਰਾਂਟਾਂ ਨੂੰ ਸਹੀ ਕੰਮ ਲਈ ਵਰਤਿਆ ਜਾਵੇ। ਉਨ੍ਹਾਂ ਕਿਹਾ ਕਿ ਗ੍ਰਾਂਟਾਂ ਦੀ ਵਰਤੋਂ ਵਿੱਚ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਪੰਚਾਇਤ ਸਕੱਤਰਾਂ ਨੇ ਦੱਸਿਆ ਕਿ ਬਲਾਕ ਵਿੱਚ ਵੱਖ-ਵੱਖ ਸਕੀਮਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਸਾਰਾ ਅਮਲਾ ਪੂਰੀ ਤਨਦੇਹੀ ਨਾਲ ਕੰਮ ਕਰ ਰਿਹਾ ਹੈ ਤੇ ਬਲਾਕ ਬੁਢਲਾਡਾ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਨੂੰ ਪਹਿਲ ਦਿੱਤੀ ਜਾ ਰਹੀ ਹੈ।

ਮੁੱਖ ਮੰਤਰੀ ਨੇ ਨਵ-ਨਿਯੁਕਤ ਐੱਸ ਡੀ ਓਜ਼ ਤੇ ਹੋਰ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਇਮਾਨਦਾਰ ਤੇ ਸੰਜੀਦਾ ਪੰਜਾਬ ਸਰਕਾਰ ਨੇ ਇਕ ਸਾਲ ਵਿੱਚ ਹੀ ਨੌਜਵਾਨਾਂ ਨੂੰ 28,873 ਨੌਕਰੀਆਂ ਦਿੱਤੀਆਂ, ਜਦੋਂ ਕਿ ਕਾਂਗਰਸ ਸਰਕਾਰ ਨੇ ਆਪਣੇ ਪਹਿਲੇ ਸਾਲ ਵਿੱਚ ਲਗਭਗ ਅੱਠ ਹਜ਼ਾਰ ਨੌਕਰੀਆਂ ਦਿੱਤੀਆਂ ਸਨ। ਸਥਾਨਕ ਸਰਕਾਰਾਂ, ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.), ਤਕਨੀਕੀ ਸਿੱਖਿਆ ਤੇ ਆਮ ਰਾਜ ਪ੍ਰਬੰਧ ਵਿਭਾਗ ਵਿੱਚ ਨਵੇਂ ਭਰਤੀ 409 ਸਬ ਡਿਵੀਜ਼ਨਲ ਅਫ਼ਸਰਾਂ (ਐਸ.ਡੀ.ਓਜ਼.), ਕਲਰਕਾਂ, ਜੂਨੀਅਰ ਡਰਾਫਟਸਮੈਨਾਂ ਅਤੇ ਹੋਰਾਂ ਨੂੰ ਨਿਯੁਕਤੀ ਪੱਤਰ ਦੇਣ ਲਈ ਇੱਥੇ ਮਿਊਂਸਿਪਲ ਭਵਨ ਵਿੱਚ ਕਰਵਾਏ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਸਰਕਾਰੀ ਨੌਕਰੀਆਂ ਦੂਰ ਦਾ ਸੁਫਨਾ ਸਨ, ਜਦੋਂ ਕਿ ਸਾਡੀ ਸਰਕਾਰ ਨੇ ਇਹ ਗੱਲ ਯਕੀਨੀ ਬਣਾਈ ਕਿ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ ਉਤੇ ਨੌਕਰੀਆਂ ਮਿਲਣ, ਜਿਸ ਲਈ ਇਕ ਪਾਰਦਰਸ਼ੀ ਢਾਂਚਾ ਬਣਾਇਆ ਗਿਆ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿੱਚ ਆਪਣੀ ਪਛਾਣ ਆਪ ਕਾਇਮ ਕਰਨ ਲਈ ਪੁਰਜ਼ੋਰ ਕੋਸ਼ਿਸ਼ ਕਰਨ, ਫਿਰ ਆਸਮਾਨ ਹੀ ਉਨ੍ਹਾਂ ਦੀ ਹੱਦ ਹੋਵੇਗੀ। ਵਿਰੋਧੀ ਪਾਰਟੀਆਂ 'ਤੇ ਤਿੱਖੇ ਹਮਲੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ ਆਪਣੀ ਸੱਤਾ ਦੌਰਾਨ ਮਹਿਲਾਂ ਵਿੱਚ ਰਹਿ ਰਹੇ ਸਨ, ਉਨ੍ਹਾਂ ਨੂੰ ਸੂਬੇ ਦੇ ਸਿਆਸੀ ਨਕਸ਼ੇ ਤੋਂ ਬਾਹਰ ਕਰ ਦਿੱਤਾ ਗਿਆ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਸਾਬਕਾ ਮੰਤਰੀਆਂ ਤੋਂ 55 ਲੱਖ ਰੁਪਏ ਦੀ ਵਸੂਲੀ ਕਰਨ ਲਈ ਅਦਾਲਤ ਵਿੱਚ ਜਾਣ ਬਾਰੇ ਵਿਚਾਰ ਕਰ ਰਹੀ ਹੈ, ਜਿਨ੍ਹਾਂ ਨੇ ਯੂ.ਪੀ. ਦੇ ਇੱਕ ਖਤਰਨਾਕ ਅਪਰਾਧੀ ਮੁਖਤਾਰ ਅੰਸਾਰੀ ਦੀ ਰੋਪੜ ਜੇਲ੍ਹ ਵਿੱਚ ਆਰਾਮਦਾਇਕ ਠਹਿਰਨ ਨੂੰ ਯਕੀਨੀ ਬਣਾਉਣ ਲਈ ਫਾਈਲ 'ਤੇ ਦਸਤਖਤ ਕੀਤੇ ਹਨ। ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਰੁਜਗਾਰ ਦੇ ਨਵੇਂ ਮੌਕਿਆਂ ਬਾਰੇ ਜਾਣੂੰ ਕਰਵਾਉਣ ਲਈ ਤਕਨੀਕੀ ਸਿੱਖਿਆ ਵਿਭਾਗ ਦਾ ਪਲੇਸਮੈਂਟ ਪੋਰਟਲ ਮੋਬਾਈਲ ਐਪ ਵੀ ਲਾਂਚ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਤੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਤੇ ਹੋਰ ਵੀ ਹਾਜਰ ਸਨ।

ਪਰਮਜੀਤ ਸਿੰਘ ਰਾਏਪੁਰ ਤੇ ਸਟੀਵਨ ਕਲੇਰ ਨੇ ਫੜਿਆ 'ਆਪ' ਦਾ ਪੱਲਾ

ਚੰਡੀਗੜ੍ਹ/ਜਲੰਧਰ (ਗੁਰਜੀਤ ਬਿੱਲਾ, ਸ਼ੈਲੀ ਐਲਬਰਟ)

ਭਾਜਪਾ ਅਤੇ ਕਾਂਗਰਸ ਵੱਲੋਂ ਜਲੰਧਰ ਵਿਖੇ ਆਗਾਮੀ ਲੋਕ-ਸਭਾ ਦੀ ਜਿਮਨੀ ਚੋਣ ਜਿੱਤਣ ਦੇ ਸੁਪਨੇ 'ਤੇ ਉਸ ਵੇਲੇ ਪਾਣੀ ਫਿਰ ਗਿਆ ਜਦ ਸੋਮਵਾਰ ਚੰਡੀਗੜ੍ਹ ਵਿਖੇ ਕਾਂਗਰਸ ਦੇ ਸੀਨੀਅਰ ਆਗੂ, ਸ਼੍ਰੋਮਣੀ ਕਮੇਟੀ ਮੈਂਬਰ ਅਤੇ ਜਲੰਧਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਪਰਮਜੀਤ ਸਿੰਘ ਰਾਏਪੁਰ ਸਮੇਤ ਜਲੰਧਰ ਤੋਂ ਉੱਘੇ ਚਮੜਾ ਕਾਰੋਬਾਰੀ, ਸਮਾਜ ਸੇਵੀ ਸਟੀਵਨ ਕਲੇਰ ਭਾਜਪਾ ਨੂੰ ਅਲਵਿਦਾ ਆਖਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ 'ਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਆਪਣੇ ਸੰਬੋਧਨ 'ਚ ਪਰਮਜੀਤ ਸਿੰਘ ਰਾਏਪੁਰ ਨੇ ਕਿਹਾ ਕਿ ਉਹ ਮਾਨ ਸਰਕਾਰ ਵੱਲੋਂ ਪੰਜਾਬ ਦੇ ਸਰਵਪੱਖੀ ਵਿਕਾਸ, ਭਾਈਚਾਰਕ ਸਾਂਝ ਲਈ ਕੀਤੇ ਜਾ ਰਹੇ ਉੱਦਮਾਂ, ਵਿੱਦਿਆ, ਸਿਹਤ, ਪ੍ਰਸ਼ਾਸਨਿਕ ਸੁਧਾਰਾਂ ਸਮੇਤ ਲੋਕ-ਪੱਖੀ ਨੀਤੀਆਂ ਤੋਂ ਬਹੁਤ ਪ੍ਰਭਾਵਿਤ ਹਨ।

ਚੰਡੀਗੜ੍ਹ ਵਿਖੇ 'ਆਪ' ਦਾ ਹਿੱਸਾ ਬਣਨ ਮੌਕੇ ਪਰਮਜੀਤ ਸਿੰਘ ਰਾਏਪੁਰ ਅਤੇ ਸਟੀਵਨ ਕਲੇਰ ਨੇ ਕਿਹਾ ਕਿ ਉਹ ਜਲੰਧਰ ਦੇ ਲੋਕਾਂ ਦੀ ਆਵਾਜ ਨੂੰ ਸੰਸਦ ਤੱਕ ਪਹੁੰਚਾਉਣ ਅਤੇ ਪਾਰਟੀ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਜਿਤਾਉਣ ਲਈ ਆਪਣਾ ਪੂਰਾ ਜੋਰ ਲਾਉਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਮੁੱਖ-ਮੰਤਰੀ ਭਗਵੰਤ ਮਾਨ ਤੋਂ ਇਲਾਵਾ ਆਪ ਦੇ ਸੀਨੀਅਰ ਆਗੂ ਜਗਰੂਪ ਸਿੰਘ ਸੇਖਵਾਂ, ਜਗਬੀਰ ਸਿੰਘ ਬਰਾੜ ਸਮੇਤ ਹੋਰ ਵੀ ਕਈ ਪਤਵੰਤੇ ਸੱਜਣ ਉੱਥੇ ਮੌਜੂਦ ਸਨ।

ਡੀ ਟੀ ਐੱਫ ਦੀ ਡਾਇਰੈਕਟਰ (ਸ. ਸ.) ਨਾਲ ਵਿਭਾਗੀ ਮਾਮਲਿਆਂ 'ਤੇ ਮੀਟਿੰਗ

ਡਾਇਰੈਕਟਰ ਵੱਲੋਂ ਅਧਿਆਪਕਾਂ ਦੇ ਵਿਭਾਗੀ ਮਾਮਲੇ ਸਮਾਂਬੱਧ ਹੱਲ ਕਰਨ ਦਾ ਭਰੋਸਾ

ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਪੰਜਾਬ ਵੱਲੋਂ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਤੇ ਜਨਰਲ ਸਕੱਤਰ ਮੁਕੇਸ਼ ਕੁਮਾਰ ਦੀ ਅਗਵਾਈ ਵਿੱਚ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ) ਸ਼੍ਰੀ ਤੇਜਦੀਪ ਸਿੰਘ ਸੈਣੀ ਨਾਲ ਅਧਿਆਪਕਾਂ ਤੇ ਸਿੱਖਿਆ ਨਾਲ ਸਬੰਧਤ ਵਿਭਾਗੀ ਮੰਗਾਂ 'ਤੇ ਵਿੱਦਿਆ ਭਵਨ ਵਿਖੇ ਸਾਰਥਕ ਮਾਹੌਲ ਵਿੱਚ ਪੈਨਲ ਮੀਟਿੰਗ ਕੀਤੀ ਗਈ, ਜਿਸ ਦੌਰਾਨ ਸਿੱਖਿਆ ਵਿਭਾਗ ਦੇ ਡਿਪਟੀ ਤੇ ਸਹਾਇਕ ਡਾਇਰੈਕਟਰ ਵੀ ਮੌਜੂਦ ਰਹੇ।

ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਪ੍ਰੈੱਸ ਸਕੱਤਰ ਪਵਨ ਕੁਮਾਰ ਨੇ ਦੱਸਿਆ ਕਿ 3442, 7654, 5178 ਵਿਭਾਗੀ ਭਰਤੀਆਂ ਦੇ ਓਪਨ ਡਿਸਟੈਂਸ ਲਰਨਿੰਗ (ਓ.ਡੀ.ਐੱਲ.) ਨਾਲ ਸਬੰਧਤ ਅਧਿਆਪਕਾਂ ਦੇ 11-11 ਸਾਲ ਤੋਂ ਪੈਂਡਿੰਗ ਰੱਖੇ ਰੈਗੂਲਰ ਆਰਡਰ ਜਾਰੀ ਕਰਨ ਸਬੰਧੀ ਵਿਸਥਾਰ ਵਿੱਚ ਹੋਈ ਗੱਲਬਾਤ ਦੌਰਾਨ ਡਾਇਰੈਕਟਰ ਵੱਲੋਂ ਇਸ ਮਾਮਲੇ ਵਿੱਚ ਹਾਂ-ਪੱਖੀ ਰੁਖ ਅਖਤਿਆਰ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਅਧਿਆਪਕ ਸੰਘਰਸ਼ਾਂ ਦੌਰਾਨ ਹੋਈਆਂ ਵਿਕਟੇਮਾਈਜ਼ੇਸ਼ਨਾਂ ਦੇ ਪੈਂਡਿੰਗ ਮਾਮਲੇ ਹੱਲ ਕਰਨ ਦੀ ਗੱਲ ਆਖੀ ਗਈ ਹੈ। ਕੰਪਿਊਟਰ ਅਧਿਆਪਕਾਂ 'ਤੇ 6ਵਾਂ ਪੰਜਾਬ ਤਨਖਾਹ ਕਮਿਸ਼ਨ ਲਾਗੂ ਕਰਦਿਆਂ ਵਿਭਾਗ 'ਚ ਰੈਗੂਲਰ ਮਰਜ਼ਿੰਗ, ਮੈਰੀਟੋਰੀਅਸ ਸਕੂਲਾਂ ਦੇ ਸਟਾਫ ਤੇ ਐੱਨ ਸੀ ਕਿਊ ਐੱਫ ਅਧਿਆਪਕਾਂ ਨੂੰ ਸਿੱਖਿਆ ਵਿਭਾਗ 'ਚ ਰੈਗੂਲਰ ਕਰਨ ਦੀ ਮੰਗ ਨੂੰ ਪੰਜਾਬ ਸਰਕਾਰ ਤੱਕ ਪੁੱਜਦਾ ਕਰਨ ਦਾ ਭਰੋਸਾ ਦਿੱਤਾ ਗਿਆ। ਆਗੂਆਂ ਨੇ ਕੇਂਦਰ ਸਰਕਾਰ ਦੀ ਨਿੱਜੀਕਰਨ, ਕੇਂਦਰੀਕਰਨ ਤੇ ਭਗਵਾਂਕਰਨ ਪੱਖੀ ਨਵੀਂ ਸਿੱਖਿਆ ਨੀਤੀ-2020 ਨੂੰ ਪੀ.ਐੱਮ. ਸ੍ਰੀ ਯੋਜਨਾ ਰਾਹੀਂ ਲਾਗੂ ਕਰਨ ਦਾ ਵਿਰੋਧ ਕਰਦਿਆਂ ਸਕੂਲ ਆਫ ਐਮੀਨੈਂਸ ਦੀ ਥਾਂ ਸਿੱਖਿਆ ਸ਼ਾਸਤਰੀਆਂ, ਅਧਿਆਪਕਾਂ ਤੇ ਵਿਦਿਆਰਥੀਆਂ ਦੀ ਰਾਏ ਅਨੁਸਾਰ ਪੰਜਾਬ ਦੀ ਸੱਭਿਆਚਾਰਕ-ਸਮਾਜਿਕ-ਭਾਸ਼ਾਈ ਵਿਭਿੰਨਤਾ ਅਨੁਸਾਰ ਆਪਣੀ ਸਿੱਖਿਆ ਨੀਤੀ ਘੜਨ ਦੀ ਮੰਗ ਕੀਤੀ। ਡਾਇਰੈਕਟਰ ਸਕੂਲ ਸਿੱਖਿਆ ਵਿਭਾਗ (ਸੈਕੰਡਰੀ) ਦਫਤਰ ਵਿਖੇ ਅਧਿਆਪਕਾਂ ਦੇ ਪੈਂਡਿੰਗ ਵੱਡੀ ਗਿਣਤੀ ਮਾਮਲਿਆਂ ਦਾ ਸਮਾਂਬੱਧ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ ਗਿਆ। ਸਿੱਖਿਆ ਸਕੱਤਰ ਦੇ ਦਫ਼ਤਰ 'ਚ ਅਟਕੇ ਈਟੀਟੀ ਤੋਂ ਮਾਸਟਰ ਕਾਡਰ ਦੇ ਸਾਰੇ ਵਿਸ਼ਿਆਂ ਦੀਆਂ ਤਰੱਕੀਆਂ ਦੇ ਮਾਮਲੇ ਨੂੰ ਜਲਦ ਹੱਲ ਕਰਵਾਉਂਣ ਦਾ ਭਰੋਸਾ ਦਿੱਤਾ ਗਿਆ।

ਡਾਇਰੈਕਟਰ ਨੇ ਭਰੋਸਾ ਦਿੱਤਾ ਕਿ ਸੀ.ਐੱਡ.ਵੀ./ਓ.ਸੀ.ਟੀ. ਤੋਂ ਮਾਸਟਰ ਕਾਡਰ (ਸਮੇਤ ਡੀ.ਪੀ.ਈ.) ਲਈ ਪੈਂਡਿੰਗ ਤਰੱਕੀ ਜਲਦ ਮੁਕੰਮਲ ਕੀਤੀ ਜਾਵੇਗੀ ਤੇ ਮਾਸਟਰ ਤੇ ਲੈਕਚਰਾਰਾਂ ਦੀਆਂ ਸੀਨੀਆਰਤਾ ਸੂਚੀਆਂ ਨੂੰ ਅਦਾਲਤੀ ਫੈਸਲੇ ਦੇ ਸਨਮੁੱਖ ਜਲਦ ਅਪਡੇਟ ਕਰਕੇ ਜਲਦ ਤਰੱਕੀ ਦੀ ਅਗਲੇਰੀ ਪ੍ਰਕ੍ਰਿਆ ਸ਼ੁਰੂ ਕਰਨ ਤੇ ਨਾਨ ਟੀਚਿੰਗ ਤੋਂ ਵੱਖ-ਵੱਖ ਕਾਡਰਾਂ ਲਈ ਪੈਂਡਿੰਗ ਤਰੱਕੀਆਂ ਮਈ ਮਹੀਨੇ 'ਚ ਮੁਕੰਮਲ ਕਰਨ ਸਮਤੇ ਹੋਰਨਾਂ ਮੰਗਾਂ ਮਸਲਿਆਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਡੀ ਟੀ ਐੱਫ ਦੇ ਵਿੱਤ ਸਕੱਤਰ ਅਸ਼ਵਨੀ ਅਵਸਥੀ, ਮੀਤ ਪ੍

25-April-PAGE-3.qxd 4/24/2023 10:34 PM Page 1

ਦਿਹਾਤੀ ਮਜ਼ਦੂਰ ਸਭਾ ਨੇ ਮੁੱਖ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਦਿਹਾਤੀ ਮਜ਼ਦੂਰ ਸਭਾ ਵੱਲੋਂ ਮਜ਼ਦੂਰਾਂ ਦੀਆਂ ਭੱਖਦੀਆਂ ਮੰਗਾਂ ਨੂੰ ਲੈ ਕੇ ਮੁਖ ਮੰਤਰੀ ਦੇ ਨਾਂਅ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਦੀ ਗੈਰ-ਹਾਜ਼ਰੀ 'ਚ ਜ਼ਿਲਾ ਮਾਲ ਅਫਸਰ ਤਰਨ ਤਾਰਨ ਰਾਹੀਂ ਮੰਗ ਪੱਤਰ ਭੇਜਿਆ ਗਿਆ ਜਿਸ ਦੀ ਅਗਵਾਈ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਨਰਿੰਦਰ ਸਿੰਘ ਰਟੌਲ, ਅਮਰਜੀਤ ਸਿੰਘ ਕੋਟਲੀ, ਦਵਿੰਦਰ ਕੌਰ ਮੀਆਂਪੁਰ ਨੇ ਕੀਤੀ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਆਟਾ-ਦਾਲ ਸਕੀਮ ਤਹਿਤ ਜੋ ਪਿਛਲਾ ਕੋਟਾ ਆਇਆ ਹੈ ਉਸ ਕੋਟੇ ਵਿੱਚੋਂ ਕਾਫੀ ਮਜ਼ਦੂਰਾਂ ਨੂੰ ਕਣਕ ਨਹੀਂ ਮਿਲੀ ਜੋ ਪਹਿਲਾਂ ਮਿਲਦੀ ਸੀ। ਨਵੇਂ ਸਰਵੇ ਮੁਤਾਬਕ ਵੱਡੀ ਪੱਧਰ 'ਤੇ ਮਜ਼ਦੂਰਾਂ ਦੇ ਆਟਾ-ਦਾਲ ਸਕੀਮ ਵਿਚੋਂ ਨਾਂਅ ਕੱਟ ਦਿੱਤੇ ਗਏ ਹਨ, ਕਿਸੇ ਉਚ ਅਧਿਕਾਰੀ ਤੋਂ ਪੜਤਾਲ ਕਰਾਈ ਜਾਵੇ। ਬੇਮੌਸਮੀ ਬਰਸਾਤ ਕਾਰਨ ਕਣਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਇਸ ਦੌਰਾਨ ਜਿਥੇ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ ਉਥੇ ਮਜ਼ਦੂਰਾਂ ਦੇ ਕੰਮ ਦਾ ਵੀ ਨੁਕਸਾਨ ਹੋਇਆ ਹੈ। ਕਿਸਾਨਾਂ ਦੀ ਤਰਜ਼ 'ਤੇ ਮਜ਼ਦੂਰਾਂ ਨੂੰ ਵੀ ਯੋਗ ਮੁਆਵਜ਼ਾ ਦਿੱਤਾ ਜਾਵੇ। ਮਨਰੇਗਾ ਤਹਿਤ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਮਜ਼ਦੂਰ ਦੀ ਦਿਹਾੜੀ ਘੱਟੋ-ਘੱਟ 700 ਰੁਪਏ ਦਿੱਤੀ ਜਾਵੇ। ਹਰ ਮਜ਼ਦੂਰ ਦਾ ਜ਼ੈਬ ਕਾਰਡ ਬਣਾ ਕੇ ਦਿੱਤਾ ਜਾਵੇ ਅਤੇ ਸਮੇਂ ਸਿਰ ਮਿਹਨਤਾਨਾ ਦਿੱਤਾ ਜਾਵੇ । ਜਿਨ੍ਹਾਂ ਸਰਪੰਚਾਂ, ਅਧਿਕਾਰੀਆਂ ਦੇ ਪੈਸੇ ਆਪਣੇ ਖਾਤਿਆਂ ਵਿੱਚ ਪਾਏ ਹਨ, ਸਬੰਧੀ ਪੜਤਾਲ ਕਰਵਾ ਕੇ ਕਾਰਵਾਈ ਕੀਤੀ ਜਾਵੇ। ਬੇਜ਼ਮੀਨੇ/ਗਰੀਬ ਲੋਕਾਂ ਨੂੰ ਦਸ-ਦਸ ਮਰਲੇ ਦੇ ਪਲਾਟ ਅਲਾਟ ਕੀਤੇ ਜਾਣ ਅਤੇ ਘਰ ਬਣਾਉਣ ਲਈ 5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ। ਇਸ ਮੌਕੇ ਪ੍ਰਵੀਨ ਕੌਰ, ਪ੍ਰਕਾਸ਼ ਕੌਰ ਆਦਿ ਹਾਜ਼ਰ ਸਨ।

ਮਾਊਂਟੇਨ ਡਿਊ ਵੱਲੋਂ ਗੁਰੂ ਰੰਧਾਵਾ ਦੁਆਰਾ ਜੀਵੰਤ ਐਂਥਮ ਪੇਸ਼

ਲੁਧਿਆਣਾ : ਪੇਅ ਬ੍ਰਾਂਡ, ਮਾਊਂਟੇਨ ਡਿਊ ਨੇ ਪੰਜਾਬੀ ਗਾਇਕ ਅਤੇ ਯੂਥ ਆਈਕਨ, ਗੁਰੂ ਰੰਧਾਵਾ ਦੁਆਰਾ ਜੀਵੰਤ ਕੀਤਾ ਗਿਆ ਇੱਕ ਮਾਰਗ-ਦਰਸ਼ਕ ਐਂਥਮ ਪੇਸ਼ ਕੀਤਾ। ਇਹ ਲੁਭਾਵਣਾ ਐਂਥਮ ਸਾਹਸ ਦੀ ਧਰਤੀ, ਪੰਜਾਬ ਨੂੰ ਸਮਰਪਿਤ ਹੈ ਅਤੇ ਪੰਜਾਬੀਆਂ ਦੇ ਅਟੱਲ ਉਤਸ਼ਾਹ ਦਾ ਜਸ਼ਨ ਮਨਾਉਂਦਾ ਹੈ, ਜੋ ਖੁਦ ਸਾਹਸ ਦੇ ਰੱਖਿਅਕ ਹਨ। 'ਡਰ ਕੇ ਆਗੇ ਜੀਤ ਹੈ' ਦਾ ਵਿਸਤਾਰ ਇਹ ਐਂਥਮ ਪੰਜਾਬ ਦੇ ਲੋਕਾਂ ਦੀ ਅਜਿੱਤ, ਅਦੁੱਤੀ ਅਤੇ ਬਹਾਦਰ ਸ਼ਖਸੀਅਤ ਦਾ ਪ੍ਰਤੀਕ ਹੈ ਅਤੇ ਹਿੰਮਤ ਅਤੇ ਦ੍ਰਿੜਤਾ ਨਾਲ ਹਰ ਡਰ 'ਤੇ ਜਿੱਤ ਪਾਉਣ ਦੀ ਭਾਵਨਾ ਨੂੰ ਦੁਹਰਾਉਂਦਾ ਹੈ। ਪੰਜਾਬ ਵਿੱਚ ਐਂਥਮ ਨੂੰ ਉਤਸ਼ਾਹਿਤ ਕਰਨ ਲਈ, ਮਾਊਂਟੇਨ ਡਿਊ ਪੰਜਾਬ ਵਿੱਚ ਪ੍ਰੋਮੋਪੈਕ ਵੀ ਉਨ੍ਹਾਂ ਨੇ ਲਾਂਚ ਕੀਤੇ ਹਨ ਜੋ ਤੁਹਾਨੂੰ 250 ਮਿਲੀਲੀਟਰ ਪੀਈਟੀ ਬੋਤਲ ਦੀ ਖਰੀਦ ਉੱਤੇ 150 ਮਿਲੀਲੀਟਰ ਮੁਫ਼ਤ ਪ੍ਰਦਾਨ ਕਰਨਗੇ।

ਇਸ ਐਂਥਮ ਉੱਤੇ ਬੋਲਦੇ ਹੋਏ ਵਿਨੀਤ ਸ਼ਰਮਾ, ਕੈਟਾਗਰੀ ਡਾਇਰੈਕਟਰ, ਮਾਊਂਟੇਨ ਡਿਊ, ਪੈਪਸੀਕੋ ਇੰਡੀਆ ਨੇ ਕਿਹਾ ਕਿ ਮਾਊਂਟੇਨ ਡਿਊ ਹਮੇਸ਼ਾ ਨੌਜਵਾਨਾਂ ਨੂੰ ਹੌਸਲਾ ਦਿੰਦਾ ਹੈ ਕਿ ਉਹ ਸਾਹਸ ਨਾਲ ਆਪਣੇ ਡਰ ਨੂੰ ਜਿੱਤ ਸਕਦੇ ਹਨ ਅਤੇ ਜੇਤੂ ਹੋ ਸਕਦੇ ਹਨ!

ਬ੍ਰਾਹਮਣ ਸਭਾ ਅਜਨਾਲਾ ਨੇ ਭਗਵਾਨ ਪਰਸ਼ੂਰਾਮ ਦੀ ਜੈਅੰਤੀ ਮਨਾਈ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸਹਿਰ ਦੇ ਪ੍ਰਾਚੀਨ ਮਾਤਾ ਚਿੰਤਪੂਰਨੀ ਅਜਨਾਲਾ ਵਿਖੇ ਬ੍ਰਾਹਮਣ ਸਭਾ ਅਜਨਾਲਾ ਦੇ ਪ੍ਰਧਾਨ ਵਾਸਦੇਵ ਸ਼ਰਮਾ ਤੇ ਮੀਤ ਪ੍ਰਧਾਨ ਸਤਪਾਲ ਸਲਵਾਨ ਦੀ ਸਾਂਝੀ ਅਗਵਾਈ 'ਚ ਸ਼ਰਧਾਲੂ ਸੰਗਤਾਂ ਵੱਲੋਂ ਭਗਵਾਨ ਵਿਸ਼ਨੂੰ ਦੇ ਛੇਵੇਂ ਅਵਤਾਰ ਪਰਸ਼ੂਰਾਮ ਜੀ ਮਹਾਰਾਜ ਦੀ ਜੈਅੰਤੀ ਬੜੀ ਸ਼ਰਧਾ ਤੇ ਉਤਸ਼ਾਹ ਮਨਾਈ ਗਈ।

ਇਸ ਮੌਕੇ ਸਭ ਤੋਂ ਪਹਿਲਾਂ ਮਾਤਾ ਚਿੰਤਪੁਰਨੀ ਮੰਦਿਰ ਦੇ ਪੰਡਿਤ ਤੁਲਸੀ ਦਾਸ ਤੇ ਲਕਸ਼ਮੀ ਨਰਾਇਣ ਮੰਦਿਰ ਦੇ ਪੰਡਿਤ ਸੱਤਿਆ ਪ੍ਰਕਾਸ਼, ਸਵਾਮੀ ਜੀ ਮਾਤਾ ਰਾਣੀ ਮੰਦਿਰ, ਗਾਇਤਰੀ ਮੰਦਿਰ ਭੱਖਾ ਤਾਰਾ ਸਿੰਘ ਦੇ ਪੰਡਿਤ ਦਿਨੇਸ਼ ਤ੍ਰਿਵੇਦੀ, ਸਾਂਈ ਧਾਮ ਮੰਦਿਰ ਤੋਂ ਅਸ਼ੋਕ ਸਵਾਮੀ ਵੱਲੋਂ ਵਿਧੀਵਤ ਦੇਵ ਪੂਜਨ ਕਰਦਿਆਂ ਹਵਨਯੱਗ ਕੀਤਾ ਜਿਸ ਦੌਰਾਨ ਸਮੂਹ ਸੰਗਤ ਨੇ ਭਗਵਾਨ ਪਰਸ਼ੂਰਾਮ ਦੇ ਜੈਕਾਰਿਆਂ 'ਚ ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਲਈ ਪ੍ਰਾਰਥਨਾ ਕਰਦਿਆਂ ਹਵਨਯੱਗ 'ਚ ਆਹੂਤੀਆਂ ਪਾਈਆਂ ਤੇ ਭਗਵਾਨ ਪਰਸ਼ੂਰਾਮ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਇਸ ਉਪਰੰਤ ਬ੍ਰਾਹਮਣ ਸਭਾ ਅਜਨਾਲਾ ਦੇ ਪ੍ਰਧਾਨ ਵਾਸਦੇਵ ਸ਼ਰਮਾ, ਮੀਤ ਪ੍ਰਧਾਨ ਨੰਬਰਦਾਰ ਸਤਪਾਲ ਸਲਵਾਨ ਵੱਲੋਂ ਸ਼ਰਧਾਲੂ ਦੇ ਸਹਿਯੋਗ ਨਾਲ ਮੇਨ ਚੌਕ 'ਚ ਭਗਵਾਨ ਦਾ ਅਤੁੱਟ ਲੰਗਰ ਲਾਇਆ ਗਿਆ। ਇਸ ਮੌਕੇ ਉਕਤ ਸਭਾ ਦੇ ਸੀਨੀ.ਮੀਤ ਪ੍ਰਧਾਨ ਨੰਬਰਦਾਰ ਸਤਪਾਲ ਸਲਵਾਨ, ਨੌਜਵਾਨ ਆਗੂ ਗਗਨਦੀਪ ਸ਼ਰਮਾ, ਜੋਤੀ ਪੁਰੀ, ਐਡਵੋਕੇਟ ਰਮਨਦੀਪ ਸ਼ਰਮਾ, ਐਡਵੋਕੇਟ ਨਰੇਸ਼ ਸ਼ਰਮਾ, ਲੀਲਾ ਕਾਲੀਆ, ਸੂਬੇਦਾਰ ਸ਼ਾਮ ਲਾਲ, ਡਾ. ਪਵਨ ਚੌਧਰੀ, ਪੁਲਸ ਅਧਿਕਾਰੀ ਚਮਨ ਲਾਲ, ਰਮੇਸ਼ ਮਹਿਤਾ, ਪ੍ਰੇਮ ਨਾਥ, ਜਗਦੀਸ਼ ਕੁਮਾਰ, ਅਸ਼ੋਕ ਕੁਮਾਰ, ਹਤਿੰਦਰ ਬੱਬਰ, ਆਯੁਧਿਆ ਪ੍ਰਕਾਸ਼, ਮਾਸਟਰ ਵਿਨੋਦ ਕੁਮਾਰ, ਜਤਿੰਦਰ ਕੁਮਾਰ, ਯਸ਼ਪਾਲ ਮਹਿਤਾ, ਰਾਮ ਮੂਰਤੀ, ਪ੍ਰਦੀਪ ਤ੍ਰੇਹਨ, ਵੀਨਾ, ਅਰਚਨਾ ਪਿੰਕੀ, ਪ੍ਰਕਿਰਤੀ, ਸਮਰੀਨ, ਸ਼ਾਇਰਾ ਆਦਿ ਸ਼ਰਧਾਲੂ ਸੇਵਾਦਾਰ ਹਾਜ਼ਰ ਸਨ।

ਸਰਕਾਰੀ ਹਾਈ ਸਕੂਲ ਨਾਗੋਕੇ (ਲੜਕੇ) ਵਿਖੇ ਮਲੇਰੀਆ ਬਾਬਤ ਕੀਤਾ ਜਾਗਰੂਕ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਮਾਨਯੋਗ ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ. ਅਮਨਦੀਪ ਸਿੰਘ, ਡਾ ਸਿਮਰਨ ਕੌਰ ਜ਼ਿਲ੍ਹਾ ਐਪੀਡੀਮੋਲੋਜਿਸਟ ਦੀ ਰਹਿਨੁਮਾਈ ਹੇਠ ਅਤੇ ਡਾ. ਆਸ਼ੀਸ਼ ਗੁਪਤਾ ਸੀਨੀਅਰ ਮੈਡੀਕਲ ਅਫਸਰ ਸੀਐੱਚਸੀ ਮੀਆਂਵਿੰਡ ਦੀ ਯੋਗ ਅਗਵਾਈ ਹੇਠ ਸੀਐੱਚਸੀ ਮੀਆਂਵਿੰਡ ਅਧੀਨ ਆਉਂਦੇ ਪਿੰਡ

ਨਾਗੋਕੇ ਵਿਖੇ ਸਰਕਾਰੀ ਹਾਈ ਸਕੂਲ ਨਾਗੋਕੇ (ਲੜਕੇ) ਵਿਖੇ ਵਿਸ਼ਵ ਮਲੇਰੀਆ ਦਿਵਸ ਮੌਕੇ ਮਲੇਰੀਆ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਹਰਜੀਤ ਸਿੰਘ ਐੱਸਐੱਮਆਈ, ਪਰਮਪਾਲ ਸਿੰਘ ਮਪਹਵ, ਪਾਇਲਪ੍ਰੀਤ ਕੌਰ ਸੀਐੱਚਓ ਅਤੇ ਕੁਲਵਿੰਦਰ ਸਿੰਘ (ਹੈੱਡਮਾਸਟਰ), ਦਲਜੀਤ ਸਿੰਘ, ਅਮਨਦੀਪ ਕੌਰ, ਇੰਦਰਪ੍ਰੀਤ ਕੌਰ (ਸਕੂਲ ਸਟਾਫ) ਹਾਜ਼ਰ ਸਨ। ਸਿਹਤ ਕਰਮਚਾਰੀਆਂ ਵੱਲੋਂ ਦੱਸਿਆ ਗਿਆ ਕਿ ਮਲੇਰੀਆ ਬੁਖਾਰ ਮਾਦਾ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਰਾਤ ਅਤੇ ਸਵੇਰ ਵੇਲੇ ਕੱਟਦਾ ਹੈ। ਇਸ ਦੇ ਲੱਛਣ ਠੰਡ ਅਤੇ ਕਾਬੇ ਨਾਲ ਬੁਖਾਰ, ਤੇਜ਼ ਬੁਖਾਰ ਅਤੇ ਸਿਰਦਰਦ ਹੋਣਾ, ਬੁਖਾਰ ਉਤਰਨ ਤੋਂ ਬਾਅਦ ਥਕਾਵਟ ਤੇ ਕਮਜ਼ੋਰੀ ਹੋਣਾ ਤੇ ਪਸੀਨਾ ਆਉਣਾ, ਮਲੇਰੀਆ ਤੋਂ ਬਚਾਓ ਲਈ ਘਰਾਂ ਦੇ ਆਲੇ-ਦੁਆਲੇ ਛੋਟੇ ਟੋਇਆ ਵਿਚ ਪਾਣੀ ਇਕੱਠਾ ਨਾ ਹੋਣ ਦਿਓ, ਟੋਇਆ ਨੂੰ ਮਿੱਟੀ ਨਾਲ ਭਰ ਦਿਓ, ਛੱਪੜਾਂ ਵਿਚ ਖੜ੍ਹੇ ਪਾਣੀ ਤੇ ਕਾਲੇ ਤੇਲ ਦਾ ਛਿੜਕਾਓ ਕਰੋ, ਕੱਪੜੇ ਅਜਿਹੇ ਪਹਿਨੋ ਕੇ ਮੱਛਰ ਕੱਟ ਨਾ ਸਕਣ, ਸੌਣ ਵੇਲੇ ਮੱਛਰਦਾਨੀ, ਮੱਛਰਾਂ ਤੋਂ ਬਚਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਮਲੇਰੀਆ ਦੇ ਲੱਛਣ ਦਿਸਣ 'ਤੇ ਸਿਹਤ ਕਰਮਚਾਰੀ/ਸਿਹਤ ਸੰਸਥਾ ਤੋਂ ਟੈਸਟ ਕਰਵਾ ਕੇ ਇਲਾਜ ਕਰਵਾਉਣਾ ਚਾਹੀਦਾ ਹੈ।

ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਵੈਬੀਨਾਰ ਆਯੋਜਿਤ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਵਿਦਿਆਰਥੀਆਂ, ਅਧਿਆਪਕਾਂ ਅਤੇ ਆਮ ਲੋਕਾਂ ਲਈ ਉੱਚ ਸਰਕਾਰੀ ਨੌਕਰੀਆਂ ਲਈ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਸਬੰਧੀ ਪੰਜਾਬ ਇਕਾਈ ਦੇ ਪ੍ਰਧਾਨ ਮੁਕੇਸ਼ ਵਰਮਾ ਦੀ ਅਗਵਾਈ ਹੇਠ ਜਗਤ ਪੰਜਾਬੀ ਸਭਾ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਅਤੇ ਸਰਪ੍ਰਸਤ ਜਗਦੇਵ ਸਿੰਘ ਬਾਜਵਾ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਨੂੰ ਉੱਚ ਸਰਕਾਰੀ ਅਹੁਦਿਆਂ ਦੀ ਪ੍ਰਾਪਤੀ ਲਈ ਬੀਤੀ ਦੇਰ ਸ਼ਾਮ 7:30 ਵਜੇ ਵੈਬੀਨਾਰ ਕਰਵਾਇਆ ਗਿਆ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਵਿਸ਼ਵ ਪ੍ਰਸਿੱਧ ਕਾਮੇਡੀਅਨ ਬਾਲਮੁਕੰਦ ਸ਼ਰਮਾ, ਆਈਏਐੱਸ ਹਰਜਿੰਦਰ ਸਿੰਘ ਬੇਦੀ ਐੱਸਡੀਐੱਮ ਪਠਾਨਕੋਟ, ਆਈਏਐੱਸ ਸਿਮਰਨਦੀਪ ਸਿੰਘ ਸਹਾਇਕ ਕਮਿਸ਼ਨਰ ਅੰਮ੍ਰਿਤਸਰ, ਲੈਫਟੀਨੈਂਟ ਮਨਪ੍ਰੀਤ ਸਿੰਘ ਘੁੰਮਣ, ਜ਼ਿਲ੍ਹਾ ਗਾਈਡੈਂਸ ਕਾਊਂਸਲਰ ਪਰਮਿੰਦਰ ਸਿੰਘ ਸੈਣੀ ਅਤੇ ਹੋਰ ਮਹਾਨ ਸ਼ਖਸੀਅਤਾਂ ਨੇ ਆਪਣੇ ਵੱਡਮੁੱਲੇ ਵਿਚਾਰ ਅਤੇ ਜੀਵਨ ਦੇ ਤਜਰਬੇ ਸਾਂਝੇ ਕੀਤੇ। ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਆਈਏਐੱਸ, ਆਈਪੀਐੱਸ, ਪੀਸੀਐੱਸ ਅਤੇ ਐੱਨਡੀਏ ਦੀਆਂ ਤਿਆਰੀਆਂ ਬਾਰੇ ਉਨ੍ਹਾਂ ਨੂੰ ਵਿਸ਼ੇਸ਼ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਆਈਏਐੱਸ ਸਿਮਰਨਦੀਪ ਸਿੰਘ ਨੇ ਕਿਹਾ ਕਿ ਕੁਝ ਵੀ ਅਸੰਭਵ ਨਹੀਂ, ਜੀਵਨ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਨਿਰੰਤਰਤਾ ਜ਼ਰੂਰੀ ਹੈ। ਇਸੇ ਤਰ੍ਹਾਂ ਐੱਸਡੀਐੱਮ ਪਠਾਨਕੋਟ ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਜ਼ਿੰਦਗੀ ਵਿੱਚ ਸਫਲਤਾ ਹਾਸਲ ਕਰਨ ਲਈ ਦ੍ਰਿੜ ਇਰਾਦਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਡਾਕਟਰ ਬਣਨ ਤੋਂ ਬਾਅਦ ਉਨ੍ਹਾਂ ਦੀ ਆਈਏਐੱਸ ਕਰਨ ਦੀ ਇੱਛਾ ਸੀ, ਜਿਸ ਨੂੰ ਪੂਰਾ ਕਰਨ ਲਈ ਉਨ੍ਹਾਂ ਦਿੱਲੀ ਜਾ ਕੇ ਤਿਆਰੀ ਕੀਤੀ ਅਤੇ ਦੂਜੀ ਕੋਸ਼ਿਸ਼ ਵਿੱਚ ਸਫਲਤਾ ਹਾਸਲ ਕੀਤੀ। ਜੋ ਆਪਣੇ ਮਾਤਾ-ਪਿਤਾ ਦਾ ਆਦਰ ਕਰਦੇ ਹਨ ਅਤੇ ਪਰਮਾਤਮਾ ਦੀ ਭਗਤੀ ਕਰਦੇ ਹਨ, ਉਨ੍ਹਾਂ ਨੂੰ ਸਫਲ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਲੈਫਟੀਨੈਂਟ ਮਨਪ੍ਰੀਤ ਸਿੰਘ ਘੁੰਮਣ ਨੇ ਦੱਸਿਆ ਕਿ ਕਿਸੇ ਵੀ ਹਾਲਤ ਵਿੱਚ ਆਪਣੀ ਉਮੀਦ ਨੂੰ ਮਰਨ ਨਹੀਂ ਦੇਣਾ ਚਾਹੀਦਾ, ਅਸਫਲਤਾ ਨੂੰ ਪੌੜੀ ਬਣਾ ਕੇ ਅੱਗੇ ਵਧਣਾ ਹੀ ਜ਼ਿੰਦਗੀ ਹੈ। ਕਾਂਸਟੇਬਲ ਵਜੋਂ ਭਰਤੀ ਹੋਣ ਤੋਂ ਬਾਅਦ ਵੀ ਉਸ ਨੇ ਆਪਣੀ ਉਮੀਦ ਨੂੰ ਮਰਨ ਨਹੀਂ ਦਿੱਤਾ, ਟੈਸਟ ਪਾਸ ਕਰਨ ਤੋਂ ਬਾਅਦ ਉਸ ਨੂੰ ਲੈਫਟੀਨੈਂਟ ਨਿਯੁਕਤ ਕੀਤਾ ਗਿਆ। ਜ਼ਿਲ੍ਹਾ ਗਾਈਡੈਂਸ ਕਾਊਂਸਲਰ ਪਰਮਿੰਦਰ ਸਿੰਘ ਸੈਣੀ ਨੇ ਆਪਣੇ ਅੰਦਰ ਨੈਤਿਕਤਾ ਪੈਦਾ ਕਰਨ ਲਈ ਪ੍ਰੇਰਿਤ ਕੀਤਾ। ਇਸ ਵੈਬੀਨਾਰ ਦੀ ਮੇਜ਼ਬਾਨੀ ਪ੍ਰਦੀਪ ਕੌਰ ਨੇ ਕੀਤੀ। ਵੈਬੀਨਾਰ ਦੇ ਅੰਤ ਵਿੱਚ ਜਗਤ ਪੰਜਾਬੀ ਸਭਾ ਕੈਨੇਡਾ ਦੇ ਪ੍ਰਧਾਨ ਸਰਦੂਲ ਸਿੰਘ ਥਿਆੜਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਉਪ ਪ੍ਰਧਾਨ ਜਸਬੀਰ ਸਿੰਘ ਸਮਰਾ, ਜਨਰਲ ਸਕੱਤਰ ਪਵਨ ਭਾਰਦਵਾਜ, ਪੁਸ਼ਪਾ ਦੇਵੀ, ਸੁਰਿੰਦਰ ਮੋਹਨ, ਰਣਜੀਤ ਕੌਰ ਭੰਗਵਾਂ, ਸਤਿੰਦਰਜੀਤ ਕੌਰ ਕਾਹਲੋਂ, ਪ੍ਰਿੰ. ਸੁਨੀਤਾ ਸ਼ਰਮਾ, ਪ੍ਰਿੰ. ਰਜਨੀ ਵਾਲਾ, ਪ੍ਰਿੰ. ਮਮਤਾ ਡੋਗਰਾ, ਪ੍ਰਿੰ. ਡਾ. ਸ਼ਾਲਿਨੀ ਦੱਤਾ, ਸੁਨੀਤਾ ਕੌਸ਼ਲ, ਪ੍ਰਿੰ. ਬਿੰਦੂ ਭੱਲਾ, ਪ੍ਰਿੰ. ਰਾਜੀਵ ਅਰੋੜਾ, ਜੋਤੀ ਗੁਪਤਾ, ਹਰਦੀਪ ਸਿੰਘ ਸੈਣੀ, ਪੁਸ਼ਪਾ ਦੇਵੀ, ਸੁਰਿੰਦਰ ਮੋਹਨ, ਰਣਜੀਤ ਕੌਰ ਅਤੇ ਜਸਪਿੰਦਰ ਕੌਰ ਸੰਧੂ ਆਦਿ ਹਾਜ਼ਰ ਸਨ।

ਮੁਰਿੰਡਾ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਵਾਪਰੀ ਘਟਨਾ ਸਹਿਣਯੋਗ ਨਹੀਂ: ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਬੁੱਢਾ ਦਲ ਦੀ ਛਾਉਣੀ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਤੋਂ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਕੀਤੇ ਇਕ ਲਿਖਤੀ ਬਿਆਨ ਵਿੱਚ ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਮੁਰਿੰਡਾ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਵਾਪਰੀ ਦੁਖਦਾਈ, ਅਫਸੋਸਸਜਨਕ ਅਤੇ ਨਾਸਹਿਣਯੋਗ ਘਟਨਾ 'ਤੇ ਚਿੰਤਾ ਤੇ ਅਫਸੋਸ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਛੋਟੇ ਸਾਬਿਜ਼ਾਦਿਆਂ ਦੀ ਚਰਨ ਛੋਹ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ ਮਰਿੰਡਾ ਵਿਖੇ ਇਕ ਵਿਅਕਤੀ ਵੱਲੋਂ ਜਬਰੀ ਜੰਗਲਾ ਟੱਪ ਕੇ ਅੰਦਰ ਦਾਖਲ ਹੋ ਕੇ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਦਾ ਖੰਡਨ ਹੀ ਨਹੀਂ ਕੀਤਾ ਸਗੋਂ ਪਾਠ ਕਰ ਰਹੇ ਪਾਠੀਆਂ ਦੀਆਂ ਦਸਤਾਰਾਂ ਵੀ ਲਾਹ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਇਸ ਦੁਖਦਾਈ ਘਟਨਾ ਨਾਲ ਸਮੁੱਚੇ ਸਿੱਖ ਜਗਤ ਦੇ ਹਿਰਦੇ ਵੰਲੂਧਰੇ ਗਏ ਹਨ। ਇਹ ਹਿਰਦੇਵੇਦਕ, ਦੁਖਦਾਈ, ਅਫਸੋਸਜਨਕ, ਮੰਦਭਾ

ਨਵਾਂ ਜ਼ਮਾਨਾ
ਮੰਗਲਵਾਰ, 25 ਅਪ੍ਰੈਲ 2023

ਅਗਿਆਨੀ ਹਾਕਮ

ਸੀ ਬੀ ਐੱਸ ਈ ਦੇ ਦਸਵੀਂ ਜਮਾਤ ਦੇ ਸਾਇੰਸ ਸਿਲੇਬਸ ਵਿੱਚੋਂ ਜੈਵਿਕ ਵਿਕਾਸ ਦੇ ਸਿਧਾਂਤ ਨੂੰ ਕੱਢਣ ਉੱਤੇ ਦੇਸ਼ ਦੇ 1800 ਵਿਗਿਆਨੀਆਂ ਤੇ ਸਾਇੰਸ ਸ਼ਾਸਤਰੀਆਂ ਨੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਵਿਕਾਸ ਦੀ ਪ੍ਰਕ੍ਰਿਆ ਨੂੰ ਸਮਝਣਾ ਵਿਗਿਆਨਕ ਸਮਝ ਬਣਾਉਣ ਵਿੱਚ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਵਿਦਿਆਰਥੀਆਂ ਨੂੰ ਇਸ ਤੋਂ ਵਿਰਵੇ ਕਰਨਾ ਸਿੱਖਿਆ ਨਾਲ ਮਜ਼ਾਕ ਹੈ।

ਵਿਗਿਆਨਕ ਦ੍ਰਿਸ਼ਟੀਕੋਣ ਤੇ ਵਿਗਿਆਨ ਨੂੰ ਪ੍ਰਣਾਈ 'ਬਰੇਕਥਰੂ ਸਾਇੰਸ ਸੁਸਾਇਟੀ' ਨਾਂਅ ਦੀ ਕੌਮੀ ਸੰਸਥਾ ਨੇ ਇੱਕ ਖੁੱਲ੍ਹੇ ਪੱਤਰ ਰਾਹੀਂ ਮੰਗ ਕੀਤੀ ਹੈ ਕਿ ਦਸਵੀਂ ਦੇ ਸਿਲੇਬਸ ਵਿੱਚ ਡਾਰਵਿਨ ਦੇ ਵਿਕਾਸ ਦੇ ਸਿਧਾਂਤ ਨੂੰ ਮੁੜ ਸ਼ਾਮਲ ਕੀਤਾ ਜਾਵੇ। ਇਸ ਪੱਤਰ ਉੱਤੇ 1800 ਤੋਂ ਵੱਧ ਵਿਗਿਆਨਕਾਂ, ਸਾਇੰਸ ਅਧਿਆਪਕਾਂ ਤੇ ਸਿੱਖਿਆ ਸ਼ਾਸਤਰੀਆਂ ਦੇ ਦਸਤਖਤ ਹਨ। ਇਨ੍ਹਾਂ ਵਿੱਚ ਟਾਟਾ ਇੰਸਟੀਚਿਊਟ ਆਫ਼ ਫੰਡਾਮੈਂਟਲ ਰਿਸਰਚ, ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਜੂਕੇਸ਼ਨ ਐਂਡ ਰਿਸਰਚ ਤੇ ਆਈ ਆਈ ਟੀ ਵਰਗੀਆਂ ਨਾਮਣੇ ਵਾਲੀਆਂ ਵਿਗਿਆਨਕ ਸੰਸਥਾਵਾਂ ਦੇ ਵਿਗਿਆਨਕ ਸ਼ਾਮਲ ਹਨ। ਇਨ੍ਹਾਂ ਵਿਗਿਆਨਕਾਂ ਦਾ ਕਹਿਣਾ ਹੈ ਕਿ ਵਿਗਿਆਨ ਦੀ ਇਸ ਬੁਨਿਆਦੀ ਖੋਜ ਨੂੰ ਜਾਣਨ ਤੋਂ ਵਾਂਝਿਆਂ ਕਰਨ ਨਾਲ ਵਿਦਿਆਰਥੀਆਂ ਦੀ ਸਮਝ ਗੰਭੀਰ ਰੂਪ ਵਿੱਚ ਪ੍ਰਭਾਵਤ ਹੋਵੇਗੀ।

ਪੱਤਰ ਵਿੱਚ ਕਿਹਾ ਗਿਆ ਹੈ ਕਿ ਜੈਵਿਕ ਵਿਕਾਸ ਦਾ ਗਿਆਨ ਤੇ ਸਮਝ ਨਾ ਸਿਰਫ਼ ਜੀਵ ਵਿਗਿਆਨ ਦੇ ਕਿਸੇ ਵੀ ਖੇਤਰ ਲਈ, ਬਲਕਿ ਸਾਡੇ ਆਲੇ-ਦੁਆਲੇ ਦੀ ਦੁਨੀਆ ਨੂੰ ਸਮਝਣ ਲਈ ਵੀ ਮਹੱਤਵਪੂਰਨ ਹੈ। ਜੈਵਿਕ ਵਿਕਾਸ ਯਾਨੀ ਐਵੋਲੂਸ਼ਨਰੀ ਬਾਇਓਲੋਜੀ ਵਿਗਿਆਨ ਦਾ ਸੰਬੰਧ ਸਮਾਜ ਤੇ ਦੇਸ਼, ਜਿਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ, ਉਨ੍ਹਾਂ ਨਾਲ ਕਿਵੇਂ ਨਜਿਠਣਾ ਹੈ, ਬਾਰੇ ਸਮਝ ਦਾ ਅਧਾਰ ਪੇਸ਼ ਕਰਦਾ ਹੈ, ਇਹ ਡਾਕਟਰੀ ਵਿਦਿਆ ਤੇ ਦਵਾਈਆਂ ਦੀ ਖੋਜ, ਮਹਾਂਮਾਰੀ ਵਿਗਿਆਨ, ਵਾਤਾਵਰਣ, ਮਨੋਵਿਗਿਆਨ ਤੋਂ ਲੈ ਕੇ ਮਨੁੱਖਾਂ ਬਾਰੇ ਸਾਡੀ ਸਮਝ ਤੇ ਜੀਵਨ ਵਿੱਚ ਉਨ੍ਹਾਂ ਦੇ ਸਥਾਨ ਬਾਰੇ ਵੀ ਦੱਸਦਾ ਹੈ। ਇਹ ਸਿਧਾਂਤ ਹੀ ਸਾਨੂੰ ਦੱਸਦਾ ਹੈ ਕਿ ਕੋਈ ਮਹਾਂਮਾਰੀ ਕਿਵੇਂ ਅੱਗੇ ਵਧਦੀ ਹੈ ਤੇ ਜੀਵਾਂ ਦੀਆਂ ਕੁਝ ਨਸਲਾਂ ਕਿਉਂ ਖ਼ਤਮ ਹੋ ਜਾਂਦੀਆਂ ਹਨ।

ਐੱਨ ਸੀ ਈ ਆਰ ਟੀ ਨੇ ਸਿਲੇਬਸ ਨੂੰ ਸੋਧਣ ਦੇ ਨਾਂਅ ਉੱਤੇ ਦਸਵੀਂ ਦੀ ਕਿਤਾਬ ਵਿੱਚੋਂ ਚਾਰਲਸ ਰਾਬਰਟ ਡਾਰਵਿਨ, ਪ੍ਰਿਥਵੀ ਉੱਤੇ ਜੀਵਨ ਦੀ ਉਤਪਤੀ, ਵਿਕਾਸ ਤੇ ਵਿਕਾਸਵਾਦੀ ਸੰਬੰਧੀ ਜਾਣਕਾਰੀ ਦੇ ਚੈਪਟਰ ਹਟਾ ਦਿੱਤੇ ਹਨ।

ਪੱਤਰ ਲਿਖਣ ਵਾਲਿਆਂ ਨੇ ਕਿਹਾ ਹੈ ਕਿ ਸਕੂਲੀ ਸਿੱਖਿਆ ਵਿੱਚ ਅਜਿਹੇ ਬਦਲਾਅ ਸਿਰਫ਼ ਵਿਦਿਆਰਥੀਆਂ ਲਈ ਹੀ ਨਹੀਂ, ਸਮੁੱਚੇ ਸਮਾਜ ਲਈ ਹਾਨੀਕਾਰਕ ਹੋਣਗੇ।

ਮੌਜੂਦਾ ਤਾਨਾਸ਼ਾਹ ਹਾਕਮ ਸੱਤਾ ਉੱਤੇ ਆਪਣੀ ਪਕੜ ਕਾਇਮ ਰੱਖਣ ਲਈ ਲੋਕਾਂ ਦੀ ਸਮਝ ਅੰਧ-ਵਿਸ਼ਵਾਸੀ ਬਣਾਉਣ ਲਈ ਉਨ੍ਹਾਂ ਨੂੰ ਵਿਗਿਆਨ ਤੋਂ ਦੂਰ ਕਰਨ ਦੇ ਰਾਹ ਪਏ ਹੋਏ ਹਨ। ਇਸ ਦੇ ਨਾਲ ਹੀ ਉਹ ਆਪਣੀ ਨਫ਼ਰਤੀ ਮੁਹਿੰਮ ਨੂੰ ਜਾਰੀ ਰੱਖਣ ਲਈ ਇਤਿਹਾਸ ਨੂੰ ਬਦਲਣ ਦੇ ਜਤਨ ਕਰ ਰਹੇ ਹਨ। ਇਸ ਦਿਸ਼ਾ ਅਧੀਨ ਐੱਨ ਸੀ ਈ ਆਰ ਟੀ ਨੇ ਮੁਗਲਾਂ ਦਾ ਇਤਿਹਾਸ, ਗੁਜਰਾਤ ਦੰਗੇ ਤੇ ਦਲਿਤ ਲੇਖਕਾਂ ਦੇ ਜ਼ਿਕਰ ਨੂੰ ਕਿਤਾਬਾਂ ਵਿੱਚੋਂ ਕੱਢ ਦਿੱਤਾ ਹੈ। ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਅਬੁਲ ਕਲਾਮ ਅਜ਼ਾਦ ਬਾਰੇ ਸਭ ਵੇਰਵੇ ਤੇ ਜੰਮੂ-ਕਸ਼ਮੀਰ ਦੇ ਭਾਰਤ ਵਿੱਚ ਸ਼ਾਮਲ ਹੋਣ ਦੀਆਂ ਸ਼ਰਤਾਂ ਨੂੰ ਵੀ ਗਿਆਰ੍ਹਵੀਂ ਦੀ ਕਿਤਾਬ ਵਿੱਚੋਂ ਹਟਾ ਦਿੱਤਾ ਗਿਆ ਹੈ।

ਨਸ਼ਿਆਂ ਖਿਲਾਫ ਲੜਾਈ 'ਵੇਗਿੰਗ ਵਾਰ' ਵਾਂਗ ਹੀ ਲੜੀ ਜਾਵੇ

ਜਸਬੀਰ ਸਿੰਘ ਪੱਟੀ

ਦੇਸ਼ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਇੱਕ ਸਮਾਗਮ ਦੌਰਾਨ ਐਲਾਨ ਕੀਤਾ ਹੈ ਕਿ ਦੇਸ਼ ਨੂੰ 2047 ਤੱਕ ਨਸ਼ਾ ਮੁਕਤ ਕਰ ਦਿੱਤਾ ਜਾਵੇਗਾ, ਪਰ ਪੰਜਾਬ ਵਿੱਚ ਤਾਂ ਨਸ਼ਿਆਂ ਨੇ ਪੱਟ'ਤੇ ਪੰਜਾਬੀ ਗੱਭਰੂ, ਵਾਲੀ ਸ਼ਬਦਾਵਲੀ ਅਕਸਰ ਹੀ ਅਖਬਾਰਾਂ ਵਿੱਚ ਪੜ੍ਹਨ-ਸੁਨਣ ਨੂੰ ਮਿਲ ਜਾਂਦੀ ਹੈ ਤੇ ਮੱਲਾਂ ਦਾ ਪੰਜਾਬ ਅੱਜ ਅਮਲੀਆਂ ਦਾ ਪੰਜਾਬ ਬਣ ਰਿਹਾ ਹੈ। ਭਾਵੇਂ ਇਸ ਦਾ ਕੋਈ ਜਵਾਬ ਨਹੀਂ ਪਰ ਇਹ ਤਾਂ ਸਾਰੇ ਜਾਣਦੇ ਹਨ ਕਿ ਪੰਜਾਬ ਨੂੰ ਬਰਬਾਦ ਕਰਨ ਲਈ ਕੁਝ ਲੋਕ ਹਮੇਸ਼ਾ ਲੱਗੇ ਰਹਿੰਦੇ ਹਨ। ਇਸ ਏਜੰਡੇ ਨੂੰ ਪੂਰਾ ਕਰਨ ਲਈ ਅੰਦਰੂਨੀ ਤੇ ਬਰੂਨੀ ਸ਼ਕਤੀਆਂ ਲੱਗੀਆਂ ਹੋਈਆਂ ਹਨ। ਗੁਆਂਢੀ ਮੁਲਕ ਪਾਕਿਸਤਾਨ ਭਲੀ-ਭਾਂਤ ਜਾਣਦਾ ਹੈ ਕਿ ਭਾਰਤ ਨਾਲ ਉਹ ਸਿੱਧੀ ਜੰਗ ਲੜਨ ਦੀ ਸਮਰੱਥਾ ਨਹੀਂ ਰੱਖਦਾ, ਇਸ ਲਈ ਪ੍ਰੋਕਸੀ ਜੰਗ ਲੜ ਕੇ ਹੀ ਭਾਰਤ ਵਿੱਚ ਗੜਬੜ ਕਰਨ ਵਿੱਚ ਲੱਗਾ ਰਹਿੰਦਾ ਹੈ ਤੇ ਨਸ਼ਿਆਂ ਨੂੰ ਹੀ ਆਪਣਾ ਹਥਿਆਰ ਬਣਾ ਰਿਹਾ ਹੈ।

ਸਾਕਾ ਨੀਲਾ ਤਾਰਾ ਸਮੇਂ ਵੀ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਬੈਠੇ ਸਿੱਖ ਗਰਮ ਖਿਆਲੀਆਂ ਦੀ ਮਦਦ ਕਰਨ ਤੋਂ ਇਸੇ ਕਰਕੇ ਹੀ ਪਾਕਿਸਤਾਨ ਨੇ ਇਨਕਾਰ ਕਰ ਦਿੱਤਾ ਸੀ ਕਿ ਉਹ ਭਾਰਤ ਨਾਲ ਸਿੱਧੀ ਜੰਗ ਨਹੀਂ ਲੜ ਸਕਦਾ। ਤੱਤਕਾਲੀ ਪਾਕਿਸਤਾਨ ਦੇ ਫੌਜੀ ਹਾਕਮ ਜ਼ਿਆ ਉਲ ਹੱਕ ਨੇ ਇੱਥੋਂ ਤੱਕ ਵੀ ਕਹਿ ਦਿੱਤਾ ਸੀ ਕਿ ਕੁਝ ਪਾਕਿਸਤਾਨ ਦੀਆਂ ਸ਼ਕਤੀਆਂ ਭਾਰਤ ਨਾਲ ਜੰਗ ਕਰਨ ਲਈ ਉਕਸਾਉਂਦੀਆਂ ਰਹੀਆਂ, ਪਰ ਉਹ ਇਸ ਜੰਗ ਤੋਂ ਵਾਲ-ਵਾਲ ਬਚੇ। ਪਾਕਿਸਤਾਨ ਭਾਰਤ ਨਾਲ ਬੰਦੂਕ ਦੀ ਗੋਲੀ ਨਾਲ ਜੰਗ ਤਾਂ ਨਹੀਂ ਲੜ ਸਕਦਾ, ਪਰ ਨਸ਼ੇ ਦੀ ਗੋਲੀ ਨਾਲ ਜੰਗ ਨੂੰ ਅੰਜਾਮ ਜ਼ਰੂਰ ਦੇ ਰਿਹਾ ਹੈ, ਜਿਸ ਵਿੱਚ ਸਾਡੀਆਂ ਕੁਝ ਦੇਸ਼ ਵਿਰੋਧੀ ਸ਼ਕਤੀਆਂ ਵੀ ਮਦਦ ਕਰ ਰਹੀਆਂ ਹਨ।

ਕਿਹਾ ਜਾਂਦਾ ਹੈ ਕਿ ਜੇਕਰ ਤੁਹਾਨੂੰ ਕੋਈ ਗਰੋਸਰੀ ਦਾ ਸਾਮਾਨ ਚਾਹੀਦਾ ਹੋਵੇ ਤਾਂ ਬਜ਼ਾਰ ਵਿੱਚ ਗਰੋਸਰੀ ਦੀ ਦੁਕਾਨ 'ਤੇ ਜਾਣਾ ਪੈਂਦਾ ਤੇ ਨਸ਼ਾ ਹਰ ਆਦਮੀ ਦੀ ਪਹੁੰਚ ਤੱਕ ਪੁੱਜ ਚੁੱਕਾ ਹੈ ਤੇ ਨਸ਼ਾ ਤੁਹਾਡੇ ਘਰ ਤੱਕ ਅਰਾਮ ਨਾਲ ਪੁੱਜ ਜਾਂਦਾ ਹੈ। ਨਸ਼ੇ ਸਿਰਫ ਹੈਰੋਇਨ, ਸਮੈਕ, ਸ਼ਰਾਬ, ਤਮਾਕੂ, ਭੰਗ ਤੋਂ ਇਲਾਵਾ ਅੱਜ-ਕੱਲ੍ਹ ਰਸਾਇਣਕ ਦਵਾਈਆਂ ਵੀ ਨਸ਼ੇ ਕਰਕੇ ਵਰਤੀਆ ਜਾਂਦੀਆਂ ਹਨ, ਜਿਹੜੀਆਂ ਰਵਾਇਤੀ ਨਸ਼ਿਆਂ ਨਾਲੋਂ ਕਈ ਗੁਣਾ ਘਾਤਕ ਹੈ।

ਦਵਾਈਆਂ ਨੂੰ ਨਿਸ਼ਚਿਤ ਮਾਪਦੰਡਾਂ ਅਨੁਸਾਰ ਬਣਾਉਣ ਦੀ ਪ੍ਰਕਿਰਿਆ 'ਤੇ ਨਿਗਾਹਬਾਨੀ ਕਰਨ ਵਾਲੇ ਡਰੱਗਜ਼ ਕੰਟਰੋਲ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਚਿੰਨ੍ਹ ਲੱਗਦੇ ਰਹੇ ਹਨ ਅਤੇ ਅਜਿਹਾ ਹੀ ਇੱਕ ਹੋਰ ਮਾਮਲਾ ਹੁਣ ਵੀ ਸਾਹਮਣੇ ਆਇਆ ਹੈ। ਹਿਮਾਚਲ ਪ੍ਰਦੇਸ਼ ਦੀਆਂ ਹੁਣ ਅਜਿਹੀਆਂ 75 ਦਵਾਈ ਦੀਆਂ ਫੈਕਟਰੀਆਂ ਬੰਦ ਕੀਤੀਆਂ ਹਨ, ਜਿਹਨਾਂ ਵਿੱਚ ਨਕਲੀ ਤੇ ਨਸ਼ੀਲੀਆਂ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਸਨ। ਪੁਲਸ ਨੇ ਮਾਰਚ 2019 ਵਿਚ ਸੀਲ ਕੀਤੀ ਪਾਉਂਟਾ ਸਾਹਿਬ ਸਥਿਤ ਦਵਾਈਆਂ ਬਣਾਉਣ ਵਾਲੀ ਇਕ ਕੰਪਨੀ ਤੋਂ ਖੰਘ ਦੀ ਦਵਾਈ ਦੀਆਂ 1,160 ਸ਼ੀਸ਼ੀਆਂ ਜ਼ਬਤ ਕੀਤੀਆਂ ਹਨ। ਇਸ ਕੰਪਨੀ ਦੁਆਰਾ ਗ਼ੈਰ-ਕਾਨੂੰਨੀ ਤੌਰ 'ਤੇ ਨਸ਼ੀਲੀਆਂ ਦਵਾਈਆਂ ਦਾ ਭੰਡਾਰ ਕਰਨ ਅਤੇ ਮੰਨੀਆਂ-ਪ੍ਰਮੰਨੀਆਂ ਕੰਪਨੀਆਂ ਦੇ ਜਾਲ੍ਹੀ ਲੇਬਲਾਂ ਵਾਲੀਆਂ ਦਵਾਈਆਂ ਬਣਾਉਣ ਦਾ ਪਤਾ ਲੱਗਿਆ ਸੀ। ਇਸ ਫੈਕਟਰੀ ਦਾ ਲਾਇਸੈਂਸ ਮੁਅੱਤਲ ਹੋਣ ਦੇ ਬਾਵਜੂਦ ਇਸ ਦੁਆਰਾ ਚੋਰੀ-ਛੁਪੇ ਦਵਾਈਆਂ ਬਣਾਉਣੀਆਂ ਜਾਰੀ ਰੱਖਣਾ ਨਿਗਾਹਬਾਨੀ ਕਰਨ ਵਾਲੇ ਢਾਂਚੇ 'ਤੇ ਸਵਾਲੀਆ ਨਿਸ਼ਾਨ ਖੜੇ ਹੁੰਦੇ ਹਨ। ਕੰਪਨੀ ਬੰਦ ਹੋਣ ਤੋਂ ਬਾਅਦ ਵੀ ਇਸ ਦੀ ਬਣਾਈ ਖੰਘ ਦੀ ਦਵਾਈ ਬਾਜ਼ਾਰ ਵਿਚ ਉਪਲੱਬਧ ਹੋਣਾ ਕੰਪਨੀ ਦੀ ਕੁਝ ਭ੍ਰਿਸ਼ਟ ਅਫ਼ਸਰਾਂ ਨਾਲ ਮਿਲੀਭੁਗਤ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਵਰਨਣਯੋਗ ਹੈ ਕਿ ਕੁਝ ਸਾਲ ਪਹਿਲਾਂ ਹਰਿਆਣਾ ਦੀ ਇੱਕ ਦਵਾਈ ਫੈਕਟਰੀ ਨੇ ਅਫਰੀਕਾ ਦੇ ਦੇਸ਼ ਗਾਂਬੀਆ ਨੂੰ ਖੰਘ ਦਾ ਸੀਰਪ ਭੇਜਿਆ ਤਾਂ ਜਿਸ ਨਾਲ ਕਈ ਬੱਚੇ ਮਰ ਗਏ ਤਾਂ ਦੇਸ਼ ਦੀ ਬਦਨਾਮੀ ਦੁਨੀਆ ਭਰ ਵਿੱਚ ਹੋਈ। ਭਾਂਵੇ ਉਸ ਫੈਕਟਰੀ ਵਾਲਿਆਂ ਨੂੰ ਅਦਾਲਤ ਨੇ ਸਜ਼ਾ ਦੇ ਦਿੱਤੀ, ਪਰ ਉਸ ਦਵਾਈ ਵਿੱਚ ਵੀ ਘਟੀਆ ਕਿਸਮ ਦਾ ਰਸਾਇਣ ਵਰਤੇ ਹੋਣ ਦੀ ਚਰਚਾ ਹੋਈ ਸੀ। ਹੁਣ ਇੱਕ ਹੋਰ ਫੈਕਟਰੀ ਨੇ ਰੂਸ ਦੇ ਨਾਲ ਲੱਗਦੇ ਦੇਸ਼ ਨੂੰ ਦਵਾਈ ਭੇਜੀ ਤਾਂ ਉਥੇ ਵੀ ਅਜਿਹੀ ਹੀ ਘਟਨਾ ਵਾਪਰੀ ਤੇ ਉਸ ਦਾ ਵੀ ਲਾਈਸੰਸ ਰੱਦ ਕਰ ਦਿੱਤਾ ਗਿਆ।

ਪਾਉਂਟਾ ਸਾਹਿਬ ਦੀ ਜਿਹੜੀ ਬੰਦ ਪਈ ਫੈਕਟਰੀ ਵਿੱਚੋਂ ਨਸ਼ੀਲੀ ਦਵਾਈ ਬਣਾ ਕੇ ਵੇਚੀ ਜਾਂਦੀ ਸੀ, ਉਸ ਦਾ ਪਤਾ ਜਦੋਂ ਲੱਗਿਆ ਤਾਂ ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਗੈਰ-ਕਨੂੰਨੀ ਢੰਗ ਨਾਲ ਜਿਹੜੀ ਇਹ ਫਰਮ ਚੱਲ ਰਹੀ ਹੈ, ਵੱਲੋਂ ਬਣਾਈ ਜਾ ਰਹੀ ਦਵਾਈ ਦੀ ਬਾਜ਼ਾਰ ਵਿਚ 125 ਰੁਪਏ ਦੀ ਕੀਮਤ ਹੈ, ਪਰ ਇਹ ਦਵਾਈ ਦੀ ਸ਼ੀਸ਼ੀ 300 ਰੁਪਏ ਵਿਚ ਵੇਚੀ ਜਾ ਰਹੀ ਹੈ; ਫਿਰ ਇਹ ਜਾਂਚ ਸੀਲ ਕੀਤੀ ਗਈ ਫਰਮ ਤੱਕ ਜਾ ਪੁੱਜੀ, ਜਿੱਥੇ ਇਹ ਦਵਾਈ ਗ਼ੈਰਕਾਨੂੰਨੀ ਤੌਰ 'ਤੇ ਰੱਖੀ ਹੋਈ ਸੀ। ਇਹ ਵੀ ਪਤਾ ਲੱਗਿਆ ਕਿ ਦਵਾਈ ਵਿਚ ਕੋਡੀਨ ਨਾਂਅ ਦਾ ਪਦਾਰਥ ਮੌਜੂਦ ਹੈ; ਕੋਡੀਨ ਨਸ਼ੀਲੇ ਪਦਾਰਥ ਅਫ਼ੀਮ ਤੋਂ ਬਣਦੀ ਹੈ। ਕੋਡੀਨ ਵਾਲੀ ਦਵਾਈ ਦਾ ਸਬੰਧਤ ਵਿਭਾਗ ਦੀਆਂ ਨਜ਼ਰਾਂ ਤੋਂ ਬਚੇ ਰਹਿਣਾ ਹੈਰਾਨ ਕਰਨ ਵਾਲੀ ਗੱਲ ਹੀ ਨਹੀਂ ਹੈ, ਸਗੋਂ ਇਸ ਗੋਰਖ ਧੰਦੇ ਦਾ ਪਤਾ ਕੀਤਾ ਜਾਣਾ ਚਾਹੀਦਾ ਹੈ ਕਿ ਕਿਹੜੀ ਸਿਆਸੀ ਜਮਾਤ ਦੀ ਨਿਗਰਾਨੀ ਹੇਠ ਇਹ ਨਸ਼ੀਲੇ ਪਦਾਰਥ ਦਾ ਗੋਰਖ ਧੰਦਾ ਚੱਲਦਾ ਸੀ। ਕੋਡੀਨ ਵਰਗੇ ਨਸ਼ੀਲੇ ਪਦਾਰਥ ਦੀ ਵਰਤੋਂ ਕਰਨ ਵਾਲੀਆਂ ਸਾਰੀਆਂ ਕੰਪਨੀਆਂ ਨੂੰ ਹਰ ਤਿਮਾਹੀ ਬਾਅਦ ਇਸ ਸੰਬੰਧੀ ਸਾਰੀ ਜਾਣਕਾਰੀ ਵਿਭਾਗ ਨੂੰ ਦੇਣੀ ਪੈਂਦੀ ਹੈ, ਪਰ ਇਸ ਸੀਲ ਕੀਤੀ ਗਈ ਫੈਕਟਰੀ ਦਾ ਨਸ਼ੀਲੇ ਪਦਾਰਥਾਂ ਦਾ ਉਤਪਾਦਨ ਕਰਨਾ ਤਾਂ ਕਾਨੂੰਨਨ ਤੌਰ 'ਤੇ ਵੀ ਗਲਤ ਹੀ ਹੈ।

ਫਾਰਮੇਸੀ ਦੀ ਨਿਗਰਾਨੀ ਕਰਨ ਵਾਲੇ ਮਹਿਕਮੇ ਅਤੇ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੇ ਪ੍ਰਬੰਧਾਂ ਵਿਚਲੀਆਂ ਚੋਰ-ਮੋਰੀਆਂ ਇਸ ਖੇਤਰ ਦੀਆਂ ਮੁਸ਼ਕਲਾਂ ਦਾ ਵੱਡਾ ਕਾਰਨ ਹਨ। ਇਹ ਲਾਪਰਵਾਹੀ ਬਹੁਤ ਗੰਭੀਰ ਹੈ, ਕਿਉਂਕਿ ਨਕਲੀ/ਗ਼ੈਰਕਾਨੂੰਨੀ ਢੰਗ ਨਾਲ ਬਣਾਈਆਂ ਜਾਂਦੀਆਂ ਨਸ਼ੀਲੀਆਂ ਦਵਾਈਆਂ ਲੋਕਾਂ ਦੀ ਸਿਹਤ ਨੂੰ ਵੱਡੇ ਨੁਕਸਾਨ ਪਹੁੰਚਾਉਂਦੀਆਂ ਹਨ। ਭਾਰਤ ਨੂੰ ਵਿਸ਼ਵ ਦੇ ਦਵਾਖਾਨੇ ਵਜੋਂ ਜਾਣਿਆ ਜਾਂਦਾ ਹੈ, ਪਰ ਕੁਝ ਕਾਲੀਆਂ ਭੇਡਾਂ ਨੇ ਦੇਸ਼ ਦੇ ਮੱਥੇ 'ਤੇ ਕਲੰਕ ਲਾਇਆ ਹੈ, ਕਿਉਂਕਿ ਇੱਥੋਂ ਦੀਆਂ ਬਣੀਆਂ ਕੁਝ ਖਰਾਬ ਤੇ ਨਸ਼ੀਲੀਆਂ ਦਵਾਈਆਂ ਨਾਲ ਦੇਸ਼ ਅਤੇ ਵਿਦੇਸ਼ਾਂ 'ਚੋਂ ਲਗਾਤਾਰ ਮੌਤਾਂ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ।

ਨਸ਼ੇ ਦੇ ਕਾਰੋਬਾਰ ਨੂੰ ਖ਼ਤਮ ਕਰਨ ਲਈ ਨਾਰਕੋਟਿਕਸ ਕੰਟਰੋਲ ਬਿਊਰੋ ਦੇਸ਼ ਭਰ 'ਚ ਜੋ ਮੁਹਿੰਮ ਛੇੜਨ ਜਾ ਰਿਹਾ ਹੈ, ਉਸ ਦੀ ਸਫਲਤਾ ਲਈ ਇਹ ਜ਼ਰੂਰੀ ਹੈ ਕਿ ਉਸ ਦੇ ਨਿਸ਼ਾਨੇ 'ਤੇ ਨਸ਼ਾ ਤਸਕਰ ਹੋਣੇ ਚਾਹੀਦੇ ਹਨ, ਨਾ ਕਿ ਨਸ਼ੇ ਦੀ ਵਰਤੋਂ ਕਰਨ ਵਾਲੇ ਮਰੀਜ਼ ਕਿਸਮ ਦੇ ਲੋਕ। ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਨਸ਼ਾ ਕਰਨ ਵਾਲਿਆਂ ਨੂੰ ਪੀੜਤ ਦੇ ਰੂਪ 'ਚ ਦੇਖਿਆ ਜਾਣਾ ਚਾਹੀਦਾ ਹੈ ਕਿ ਨਾ ਕਿ, ਅਪਰਾਧੀ ਦੇ ਰੂਪ 'ਚ ਕਿਉਂਕਿ ਉਹ ਮਰੀਜ਼ ਬਣ ਚੁੱਕੇ ਹਨ ਤੇ ਉਹਨਾਂ ਨੂੰ ਹਸਪਤਾਲ ਵਿੱਚ ਦਾਖਲ ਕਰਕੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਇਸ ਕਾਰਨ ਨਾ ਸਿਰਫ਼ ਨਸ਼ਾ ਕਰਨ ਵਾਲਿਆਂ ਨਾਲ ਅਪਰਾਧੀਆਂ ਦੀ ਤਰ੍ਹਾਂ ਵਿਵਹਾਰ ਕੀਤਾ ਜਾਂਦਾ ਹੈ, ਸਗੋਂ ਉਨ੍ਹਾਂ ਨੂੰ ਸਖ਼ਤ ਕਾਨੂੰਨੀ ਪ੍ਰਕਿਰਿਆ ਨਾਲ ਵੀ ਦੋ-ਚਾਰ ਹੋਣਾ ਪੈਂਦਾ ਹੈ। ਕਈ ਵਾਰ ਤਾਂ ਉਨ੍ਹਾਂ ਨੂੰ ਲੰਬੇ ਸਮੇਂ ਤੱਕ ਜੇਲ੍ਹ 'ਚ ਵੀ ਰਹਿਣਾ ਪੈਂਦਾ ਹੈ। ਇਹ ਚਿੰਤਾਜਨਕ ਵਿਸ਼ਾ ਹੈ ਕਿ ਦੇਸ਼ 'ਚ ਨਸ਼ੇ ਦਾ ਕਾਰੋਬਾਰ ਤੇਜ਼ੀ ਨਾਲ ਵਧ ਰਿਹਾ ਹੈ। ਪਿਛਲੇ ਕੁਝ ਸਮੇਂ 'ਚ ਨਸ਼ੀਲੇ ਪਦਾਰਥਾਂ ਦੀਆਂ ਵੱਡੀਆਂ-ਵੱਡੀਆਂ ਖੇਪਾਂ ਹੀ ਨਹੀਂ ਫੜੀਆਂ ਗਈਆਂ, ਸਗੋਂ ਮੋਗਾ ਦੇ ਸਾਬਕਾ ਐੱਸ ਐੱਸ ਪੀ ਰਾਜਜੀਤ ਸਿੰਘ ਹੁੰਦਲ ਦਾ ਵੀ ਇੱਕ ਬਰਖਾਸਤ ਪੁਲਸ ਇੰਸਪੈਕਟਰ ਇੰਦਰਜੀਤ ਸਿੰਘ ਦੇ ਰਾਹੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲਿਆਂ ਨਾਲ ਸ਼ੁਮਾਰ ਹੋਇਆ, ਜਿਸ ਕਾਰਨ ਉਸ ਨੂੰ ਪੰਜਾਬ ਸਰਕਾਰ ਨੇ ਨੌਕਰੀ ਤੋਂ ਬਰਖਾਸਤ ਕਰਕੇ ਇੱਕ ਮੁਕੱਦਮਾ ਦਰਜ ਕਰਕੇ ਪੁਲਸ ਉਸ ਦੀ ਹੁਣ ਭਾਲ ਕਰ ਰਹੀ ਹੈ ਤਾਂ ਕਿ ਹੋਰ ਵੀ ਪਰਦਾਫਾਸ਼ ਹੋ ਸਕੇ।

ਇਸ 'ਚ ਕੋਈ ਸ਼ੱਕ ਨਹੀਂ ਕਿ ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ ਕੀਤੇ ਜਾਣਾ ਇਹ ਦਰਸਾਉਂਦਾ ਹੈ ਕਿ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਆਪਣੀ ਚੌਕਸੀ ਵਧਾਈ ਹੈ, ਪਰ ਹਾਲੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਦੀ ਸਰਗਰਮੀ ਕਾਰਨ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਪਿੱਛੇ ਹਟ

25-APRIL-PAGE-5.qxd 4/24/2023 11:04 PM Page 1

ਗੰਦੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਸ਼ਹਿਰ ਵਾਸੀਆਂ ਵੱਲੋਂ ਧਰਨਾ

ਨਗਰ ਪੰਚਾਇਤ ਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ

ਮੂਨਕ (ਰਾਜਪਾਲ ਸਿੰਗਲਾ)-ਨੋਰਥ ਇੰਡੀਆ ਵਿੱਚੋਂ ਸਫਾਈ ਪੱਖੋਂ ਪਹਿਲਾ ਸਥਾਨ ਹਾਸਲ ਕਰਨ ਵਾਲੇ ਮੂਨਕ ਸ਼ਹਿਰ ਦੇ ਲੋਕ ਨਰਕ ਵਰਗੀ ਜ਼ਿੰਦਗੀ ਜਿਉਣ ਲਈ ਸਨ ਮਜਬੂਰ। ਇਨ੍ਹਾਂ ਸ਼ਹਿਰ ਵਾਸੀ ਲੋਕਾਂ ਨੇ ਆਉਣ ਵਾਲੀ ਸਮੱਸਿਆ ਤੋਂ ਦੁਖੀ ਹੋ ਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਸਹਿਯੋਗ ਨਾਲ ਮਸਲੇ ਦੇ ਹੱਲ ਲਈ ਨਗਰ ਪੰਚਾਇਤ ਮੂਨਕ ਦੇ ਦਫਤਰ ਦਾ ਮੁੱਖ ਗੇਟ ਬੰਦ ਕਰਕੇ ਧਰਨਾ ਲਗਾ ਦਿੱਤਾ। ਇਸ ਧਰਨੇ ਦੌਰਾਨ ਸ਼ਹਿਰ ਵਾਸੀ ਲੋਕਾਂ ਨੇ ਨਗਰ ਪੰਚਾਇਤ ਮੂਨਕ ਤੇ ਪੰਜਾਬ ਸਰਕਾਰ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਧਰਨੇ ਵਿੱਚ ਸਹਿਯੋਗ ਦੇ ਰਹੀ ਜਥੇਬੰਦੀ ਦੇ ਆਗੂ ਰਿਕੂ ਸੈਣੀ, ਅਸ਼ੋਕ ਕੁਮਾਰ ਤੇ ਗੋਪਾਲਾ ਸੈਣੀ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜਿੱਥੇ ਪੂਰੇ ਸ਼ਹਿਰ ਦਾ ਗੰਦਾ ਪਾਣੀ ਇਕੱਠਾ ਹੁੰਦਾ ਹੈ, ਉਸ ਦੇ ਆਲੇ ਦੁਆਲੇ ਵਸੇ ਮੂਨਕ ਵਾਸੀ ਲੋਕ ਤਲਾਬ ਦੇ ਗੰਦੇ ਪਾਣੀ ਦੀ ਨਿਕਾਸੀ ਤੇ ਬੰਦਬੂ ਤੋਂ ਬੇਹੱਦ ਪ੍ਰੇਸ਼ਾਨ ਹਨ। ਪੀੜਤ ਪਰਿਵਾਰਾਂ ਦੇ ਘਰ ਬਰਸਾਤ ਦੇ ਦਿਨਾਂ ਵਿੱਚ ਗੰਦੇ ਪਾਣੀ ਵਾਲੇ ਤਲਾਬ ਦਾ ਰੂਪ ਧਾਰਨ ਕਰ ਲੈਂਦੇ ਹਨ। ਇਸ ਸਮੱਸਿਆ ਨੂੰ ਲੈ ਕੇ ਕਈ ਵਾਰ ਨਗਰ ਪੰਚਾਇਤ ਦੇ ਉੱਚ ਅਧਿਕਾਰੀਆਂ ਨੂੰ ਸਮੱਸਿਆ ਦੇ ਹੱਲ ਸਬੰਧੀ ਮਿਲੇ, ਪਰ ਸਮੱਸਿਆ ਦੇ ਹੱਲ ਦੀ ਬਜਾਏ ਲਾਰਿਆਂ ਤੋਂ ਸਵਾਏ ਕੁੱਝ ਨਹੀਂ ਨਸੀਬ ਹੋਇਆ, ਦੁਖੀ ਲੋਕਾਂ ਨੂੰ ਅੱਜ ਮਜਬੂਰੀ ਵਸ ਇਹ ਅਣਮਿੱਥੇ ਸਮੇਂ ਦਾ ਧਰਨਾ ਦੇਣ ਲਈ ਮਜਬੂਰ ਹੋਣਾ ਪਿਆ। ਲੰਮੇ ਸਮੇ ਤੋਂ ਸਮੱਸਿਆ ਨਾਲ ਲੜ ਰਹੇ ਲੋਕਾਂ ਨੇ ਕੁੱਝ ਮਹਿਨੇ ਪਹਿਲਾਂ ਵੀ ਸਮੱਸਿਆ ਦੇ ਹੱਲ ਲਈ ਨਗਰ ਪੰਚਾਇਤ ਦਫਤਰ ਦਾ ਮੁੱਖ ਗੇਟ ਬੰਦ ਕਰਕੇ ਧਰਨਾ ਦਿੱਤਾ ਸੀ, ਉਸ ਸਮੇਂ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਨੇ ਵਿਸ਼ਵਾਸ ਵਿੱਚ ਲਿਆ ਕਿ ਸਮੱਸਿਆ ਦੇ ਹੱਲ ਲਈ 15 ਅਪ੍ਰੈਲ ਤੱਕ ਤਲਾਬ ਦੀ ਸਫਾਈ ਤੇ ਗੰਦੇ ਪਾਣੀ ਦੀ ਨਿਕਾਸੀ ਲਈ ਨਗਰ ਪੰਚਾਇਤ ਵੱਲੋਂ ਟੈਂਡਰ ਲਗਾ ਕੇ ਮਸਲਾ ਹੱਲ ਕਰ ਲਿਆ ਜਾਵੇਗਾ, ਪਰ ਮਸਲਾ ਅਜੇ ਤੱਕ ਉਸੇ ਤਰ੍ਹਾਂ ਪਿਆ ਹੈ। ਜਦੋਂ ਤੱਕ ਸ਼ਹਿਰ ਵਾਸੀ ਲੋਕਾਂ ਦੀ ਸਮੱਸਿਆ ਹੱਲ ਨਹੀਂ ਹੁੰਦੀ, ਉਸ ਸਮੇਂ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਸੋਨੂੰ ਸੈਣੀ, ਰੋਸ਼ਨ ਸੈਣੀ, ਕਰਨੈਲ ਗਨੌਟਾ, ਸੁਬੇਗ ਸਿੰਘ, ਸੁਖਦੇਵ ਸਿੰਘ ਤੇ ਬਲਵੀਰ ਸਿੰਘ ਮੌਜੂਦ ਸਨ।

ਜਦੋਂ ਇਸ ਸਬੰਧੀ ਈ ਓ ਮੁਕੇਸ਼ ਸਿੰਗਲਾ ਨਾਲ ਫੋਨ ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸੰਪਰਕ ਨਹੀਂ ਹੋ ਸਕਿਆ।

ਟਰੇਡ ਯੂਨੀਅਨਾਂ ਵੱਲੋਂ ਮਈ ਦਿਵਸ 'ਤੇ ਕਿਰਤ ਕਾਨੂੰਨਾਂ ਨਾਲ ਛੇੜਛਾੜ ਵਿਰੁੱਧ ਲਾਮਬੰਦੀ ਦਾ ਦਿੱਤਾ ਜਾਵੇਗਾ ਹੋਕਾ : ਚੌਹਾਨ/ਦੂਲੋਵਾਲ

ਮਈ ਦਿਵਸ ਮੌਕੇ ਮਜ਼ਦੂਰ, ਮਲਾਜ਼ਮ, ਵਪਾਰਕ ਤੇ ਜਨਤਕ ਜਥੇਬੰਦੀਆਂ ਨੂੰ ਵੀ ਸ਼ਾਮਲ ਹੋਣ ਦਾ ਸੱਦਾ

ਮਾਨਸਾ (ਪਮਾਰ)-ਕੇਂਦਰ ਦੀ ਮੋਦੀ ਸਰਕਾਰ ਦੇ ਕਿਰਤ ਵਿਰੋਧੀ ਫੈਸਲੇ, ਜੋ ਮਜ਼ਦੂਰ ਤੇ ਕਿਰਤੀ ਜਮਾਤ ਲਈ ਮਾਰੂ ਸਿੱਧ ਹੋ ਰਹੇ ਹਨ। ਪਿਛਲੇ ਸਮਿਆਂ ਵਿੱਚ ਕਰੋਨਾ ਸੰਕਟ ਦੌਰਾਨ ਗਰੀਬ ਤੇ ਆਮ ਲੋਕਾਂ ਦੀ ਬਾਂਹ ਫੜਨ ਦੀ ਬਜਾਏ ਕੇਂਦਰ ਦੀ ਮੋਦੀ ਸਰਕਾਰ ਵੱਲੋਂ, ਚੁੱਪ ਚਪੀਤੇ ਕਿਰਤ ਕਾਨੂੰਨ ਵਿੱਚ ਸੋਧ ਦੇ ਨਾਂਅ 'ਤੇ ਦਿਹਾੜੀ ਦਾ ਸਮਾਂ 8 ਘੰਟਿਆਂ ਤੋਂ 12 ਘੰਟਿਆਂ ਵਿੱਚ ਤਬਦੀਲ ਕਰਕੇ ਕਿਰਤੀਆਂ ਨਾਲ ਵੱਡਾ ਧਰੋਹ ਕਮਾਇਆ ਹੈ, ਜਿਸ ਖਿਲਾਫ ਦੇਸ਼ ਦੀਆਂ ਤਮਾਮ ਸੰਘਰਸ਼ਸ਼ੀਲ ਧਿਰਾਂ ਵੱਲੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਅੱਜ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਸੀ ਪੀ ਆਈ ਦਫਤਰ ਵਿਖੇ ਟਰੇਡ ਯੂਨੀਅਨਾਂ ਏਟਕ ਤੇ ਸੀ ਟੀ ਯੂ ਵੱਲੋਂ ਕਾਮਰੇਡ ਰਤਨ ਭੋਲਾ ਤੇ ਮੇਜਰ ਦੂਲੋਵਾਲ ਦੀ ਅਗਵਾਈ ਹੇਠ ਮਜ਼ਦੂਰ ਦਿਵਸ ਮਨਾਉਣ ਸਬੰਧੀ ਮੀਟਿੰਗ ਦੌਰਾਨ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਮਈ ਦਿਵਸ ਸਾਂਝੇ ਤੌਰ 'ਤੇ ਕਨਵੈਨਸ਼ਨ ਕਰਕੇ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਮੀਤ ਪਧਾਨ ਕ੍ਰਿਸ਼ਨ ਚੌਹਾਨ ਤੇ ਕਿਸਾਨ ਆਗੂ ਅਮਰੀਕ ਫਫੜੇ ਨੇ ਕਿਹਾ ਕਿ ਅਮੀਰਾਂ ਪੱਖੀ ਕਿਰਤ ਕਾਨੂੰਨਾਂ ਖਿਲਾਫ ਸੰਘਰਸ਼ ਕਰਨ ਲਈ ਲੋਕ ਲਾਮਬੰਦੀ ਸਮੇਂ ਦੀ ਮੱਖ ਲੋੜ ਹੈ। ਆਗੂਆਂ ਨੇ ਕਿਹਾ ਕਿ ਮਜ਼ਦੂਰ ਦਿਵਸ ਮੌਕੇ ਲੋਕ ਲਾਮਬੰਦੀ ਲਈ ਜਾਗਰੂਕ ਕਰਨ ਦਾ ਅਹਿਦ ਲਿਆ ਜਾਵੇਗਾ। ਉਨ੍ਹਾ ਮੁਲਾਜ਼ਮ, ਮਜ਼ਦੂਰ, ਦੁਕਾਨਦਾਰ, ਵਪਾਰਕ ਤੇ ਜਨਤਕ ਜਥੇਬੰਦੀਆਂ ਨੂੰ ਕਨਵੈਨਸ਼ਨ ਵਿੱਚ ਪੁੱਜਣ ਦੀ ਪੁਰਜ਼ੋਰ ਅਪੀਲ ਕੀਤੀ, ਜਿਸ ਦੀ ਤਿਆਰੀ ਸਬੰਧੀ 28 ਅਪ੍ਰੈਲ ਨੂੰ ਇੱਕ ਸਾਂਝੀ ਮੀਟਿੰਗ ਕੀਤੀ ਜਾਵੇਗੀ।

ਇਸ ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਨਰੇਸ਼ ਬੁਰਜ ਹਰੀ, ਮਿੱਠੂ ਭੂਕਲ, ਮਿੱਠੂ ਮੰਦਰ, ਗੁਰਦੇਵ ਸਿੰਘ ਦਲੋਲ ਸਿੰਘ ਵਾਲਾ ਆਦਿ ਆਗੂ ਵੀ ਸ਼ਾਮਲ ਸਨ।

ਗੁਰੂਘਰ ਨੂੰ ਬੋਧੀ ਧਾਰਮਿਕ ਅਸਥਾਨ 'ਚ ਤਬਦੀਲ ਕਰਨ ਮਾਮਲੇ ਦੀ ਹੋਵੇ ਉੱਚ ਪੱਧਰੀ ਜਾਂਚ : ਜਥੇਦਾਰ ਹਰਪ੍ਰੀਤ ਸਿੰਘ

ਤਲਵੰਡੀ ਸਾਬੋ (ਪਰਵਿੰਦਰ ਜੀਤ ਸਿੰਘ)

ਇੱਕ ਪਾਸੇ ਜਿੱਥੇ ਅਰੁਣਾਚਲ ਪ੍ਰਦੇਸ਼ ਨਾਲ ਲੱਗਦੀ ਚੀਨ ਦੀ ਹੱਦ 'ਤੇ ਤਾਇਨਾਤ ਸਿੱਖ ਫੌਜੀ ਸਮੇਂ ਸਮੇਂ 'ਤੇ ਚੀਨ ਵੱਲੋਂ ਪਾਈ ਜਾਂਦੀ ਵੰਗਾਰ ਦਾ ਬਾਖੂਬੀ ਜਵਾਬ ਦੇ ਰਹੇ ਹਨ, ਉੱਥੇ ਉੱਤਰੀ ਪੂਰਬੀ ਰਾਜਾਂ ਵਿੱਚ ਸਿੱਖ ਕੌਮ ਦੇ ਨਿਸ਼ਾਨ ਤੇ ਇਤਿਹਾਸਕ ਅਸਥਾਨਾਂ ਨੂੰ ਖਤਮ ਕਰਨ ਦੇ ਕੋਝੇ ਯਤਨ ਹੋ ਰਹੇ ਹਨ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ ਅਤੇ ਕੇਂਦਰ ਨੂੰ ਚਾਹੀਦੈ ਕਿ ਉਹ ਉੱਚ ਪੱਧਰੀ ਜਾਂਚ ਕਰਵਾਵੇ ਕਿ ਸਥਾਨਕ ਲੋਕਾਂ ਨੂੰ ਭੜਕਾ ਕੇ ਕੌਣ ਸਿੱਖਾਂ ਦੇ ਅਸਥਾਨ ਖਤਮ ਕਰਵਾਉਣ ਦੇ ਯਤਨ ਕਰ ਰਹੇ ਹਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਇੱਥੇ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ।

ਉਨ੍ਹਾ ਕਿਹਾ ਕਿ ਸ਼ਿਲਾਂਗ 'ਚ ਇੱਕ ਸਿੱਖ ਬਸਤੀ ਦਾ ਵਿਵਾਦ ਅਜੇ ਤੱਕ ਚੱਲ ਰਿਹੈ। ਸਿੱਕਮ ਵਿੱਚ ਗੁ: ਡਾਂਗਮਾਰਗ ਸਾਹਿਬ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਹੋਈ ਤੇ ਹੁਣ ਅਰੁਣਾਚਲ ਪ੍ਰਦੇਸ਼ ਦੇ ਕੁਚੇਟਾ 'ਚ ਗੁਰੂ ਨਾਨਕ ਸਾਹਿਬ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਸਾਹਿਬ ਨੂੰ ਖਤਮ ਕਰਕੇ ਬੋਧੀ ਧਾਰਮਿਕ ਅਸਥਾਨ 'ਚ ਤਬਦੀਲ ਕਰ ਦਿੱਤਾ ਗਿਆ ਅਤੇ ਮੰਦਭਾਗੀ ਗੱਲ ਇਹ ਕਿ ਇਸ ਸਭ ਵਿੱਚ ਅਰੁਣਾਚਲ ਪ੍ਰਦੇਸ ਸਰਕਾਰ ਵੀ ਸਥਾਨਕ ਲੋਕਾਂ ਦੇ ਦਬਾਅ 'ਚ ਆ ਕੇ ਸ਼ਾਮਲ ਹੋਈ ਹੈ। ਸਿੰਘ ਸਾਹਿਬ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਮਾਮਲੇ ਦੀ ਵੱਡੇ ਪੱਧਰ 'ਤੇ ਜਾਂਚ ਕਰਵਾਉਣੀ ਚਾਹਿਦੀ ਹੈ ਕਿ ਆਖਰ ਕੌਣ ਲੋਕ ਸਥਾਨਕ ਲੋਕਾਂ ਨੂੰ ਸਿੱਖਾਂ ਖਿਲਾਫ ਭੜਕਾ ਕੇ ਅਜਿਹੀਆਂ ਕਾਰਵਾਈਆਂ ਕਰਵਾ ਰਹੇ ਹਨ ਅਤੇ ਨਾਲ ਹੀ ਇਹ ਵੀ ਜਾਂਚ ਦਾ ਵਿਸ਼ਾ ਹੈ ਕਿ ਅਰੁਣਾਚਲ ਪ੍ਰਦੇਸ ਵਿੱਚ ਸਿੱਖ ਪਾਵਨ ਸਥਾਨ ਨੂੰ ਖਤਮ ਕਰਨ ਦਾ ਯਤਨ, ਚੀਨ ਸਰਹੱਦ 'ਤੇ ਤਾਇਨਾਤ ਸਿੱਖ ਫੌਜੀਆਂ ਨੂੰ ਭਾਵੁਕ ਜਾਂ ਮਾਨਸਿਕ ਪ੍ਰੇਸ਼ਾਨ ਕਰਨ ਦੀ ਕਿਸੇ ਨੀਤੀ ਦਾ ਹਿੱਸਾ ਤਾਂ ਨਹੀਂ। ਸਿੰਘ ਸਾਹਿਬ ਨੇ ਅੱਗੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਕਹਿ ਦਿੱਤਾ ਗਿਆ ਹੈ ਕਿ ਇੱਕ ਵਫਦ ਅਰੁਣਾਚਲ ਪ੍ਰਦੇਸ ਭੇਜ ਕੇ ਸਮੁੱਚੇ ਮਾਮਲੇ ਦੀ ਜਾਂਚ ਕਰਵਾਵੇ।

ਕਿੱਲੋ ਅਫੀਮ ਤੇ ਡਰੱਗ ਮਨੀ ਸਮੇਤ ਦੋ ਕਾਬੂ

ਅਫੀਮ ਸਮੇਤ ਫੜੇ ਗਏ ਵਿਅਕਤੀ ਪੁਲਸ ਪਾਰਟੀ ਨਾਲ।

ਸਮਰਾਲਾ (ਸੁਰਜੀਤ ਸਿੰਘ)-ਸਮਰਾਲਾ ਪੁਲਸ ਨੇ ਚੌਕੀ ਹੇਡੋਂ ਕੋਲ ਕੀਤੀ ਨਾਕੇਬੰਦੀ ਦੌਰਾਨ ਇੱਕ ਵਿਅਕਤੀ ਬਲਦੇਵ ਸਿੰਘ ਉਰਫ ਪੱਪਾ ਵਾਸੀ ਔਲਖ ਜ਼ਿਲ੍ਹਾ ਫਰੀਦਕੋਟ ਨੂੰ ਇੱਕ ਕਿੱਲੋ ਅਫੀਮ ਸਮੇਤ ਕਾਬੂ ਕੀਤਾ ਹੈ, ਜਦਕਿ ਪੁਲਸ ਨੇ ਤਫਤੀਸ਼ ਨੂੰ ਹੋਰ ਅੱਗੇ ਵਧਾਉਂਦਿਆਂ ਉਕਤ ਵਿਅਕਤੀ ਨੂੰ ਅਫੀਮ ਸਪਲਾਈ ਕਰਨ ਵਾਲੇ ਵਿਅਕਤੀ ਕੁਲਦੀਪ ਸ਼ਰਮਾ ਵਾਸੀ ਬਲਟਾਣਾ (ਜੀਰਕਪੁਰ) ਨੂੰ ਵੀ ਗ੍ਰਿਫਤਾਰ ਕਰਕੇ ਕੇਸ ਦਰਜ ਕੀਤਾ ਹੈ। ਪ੍ਰੈੱਸ ਕਾਨਫਰੰਸ ਦੌਰਾਨ ਡੀ.ਐੱਸ.ਪੀ. ਵਰਿਆਮ ਸਿੰਘ ਖਹਿਰਾ ਤੇ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਕੀਤੀ ਨਾਕੇਬੰਦੀ ਦੌਰਾਨ ਇਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ ਇੱਕ ਕਿੱਲੋ ਅਫੀਮ ਬਰਾਮਦ ਕੀਤੀ। ਜਦ ਉਕਤ ਵਿਅਕਤੀ ਕੋਲੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਤਾਂ ਉਸ ਨੇ ਦੱਸਿਆ ਕਿ ਉਹ ਇਹ ਅਫੀਮ ਉਹ ਬਲਟਾਣਾ (ਜੀਰਕਪੁਰ) ਤੋਂ ਨਸ਼ਾ ਤਸਕਰ ਕੁਲਦੀਪ ਸ਼ਰਮਾ ਤੋਂ ਲੈ ਕੇ ਆਇਆ ਸੀ ਤੇ ਅੱਗੇ ਉਸ ਨੇ ਇਸ ਦੀ ਫਰੀਦਕੋਟ ਜ਼ਿਲ੍ਹੇ ਵਿੱਚ ਸਪਲਾਈ ਕਰਨੀ ਸੀ। ਸ਼੍ਰੀ ਖਹਿਰਾ ਨੇ ਦੱਸਿਆ ਕਿ ਥਾਣਾ ਮੁਖੀ ਵੱਲੋਂ ਬਲਦੇਵ ਸਿੰਘ ਉਰਫ ਪੱਪਾ ਦੀ ਨਿਸ਼ਾਨਦੇਹੀ 'ਤੇ ਬਲਟਾਣਾ ਵਿਖੇ ਨਸ਼ਾ ਤਸਕਰ ਕੁਲਦੀਪ ਸ਼ਰਮਾ ਦੇ ਘਰ ਛਾਪੇਮਾਰੀ ਕੀਤੀ ਤਾਂ ਉਸ ਨੂੰ 80 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਕਾਬੂ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਪੁਲਸ ਰਿਮਾਂਡ ਦੌਰਾਨ ਹੋਰ ਪੁੱਛਗਿੱਛ ਕੀਤੀ ਜਾਵੇਗੀ।

ਜਲੰਧਰ ਜ਼ਿਮਨੀ ਚੋਣ 'ਆਪ' ਵੱਡੀ ਲੀਡ ਨਾਲ ਜਿੱਤੇਗੀ : ਦੇਵ ਮਾਨ, ਸੁਰਿੰਦਰ ਸ਼ਰਮਾ

ਨਭਾ (ਵਰਿੰਦਰ ਵਰਮਾ)-ਜਲੰਧਰ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਵੱਡੀ ਲੀਡ ਲੈ ਕੇ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਨਾਭਾ ਤੋਂ ਇੰਪਰੂਵਮੈਂਟ ਟਰੱਸਟ ਚੇਅਰਮੈਨ ਸੁਰਿੰਦਰ ਸ਼ਰਮਾ ਨੇ ਆਪ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਦਫਤਰ ਪੁੱਜਣ 'ਤੇ ਵਿਸ਼ੇਸ਼ ਸਨਮਾਨ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਪ ਸਰਕਾਰ ਦੀ ਇਕ ਸਾਲ ਦੀ ਕਾਰਗੁਜ਼ਾਰੀ ਤੋਂ ਬਾਗੋਬਾਗ ਹਨ ਤੇ ਜਿਸ ਕਰਕੇ ਜਲੰਧਰ ਵਿਖੇ ਹੋਣ ਜਾ ਰਹੀ ਜ਼ਿਮਨੀ ਚੋਣ ਵਿੱਚ ਜਲੰਧਰ ਵਾਸੀ ਆਪ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ ਆਪ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਫਤਵਾ ਦੇਣਗੇ ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ। ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਗਿਣਾਉਂਦਿਆਂ ਆਖਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਕ ਸਾਲ ਦੇ ਵਿੱਚ ਉਹ ਕੰਮ ਕਰ ਦਿੱਤੇ, ਜਿਹੜੇ 70 ਸਾਲਾਂ ਵਿੱਚ ਨਹੀਂ ਹੋਏ। ਉਨ੍ਹਾਂ ਕਿਹਾ ਕਿ ਪਾਰਟੀ ਦਾ ਮੁੱਖ ਟੀਚਾ ਪੰਜਾਬ ਦਾ ਸਰਬਪੱਖੀ ਵਿਕਾਸ ਕਰਨਾ ਹੈ ਤੇ ਪਾਰਟੀ ਨੇ ਵੱਡੇ ਪੱਧਰ 'ਤੇ ਆਪਣੇ ਟੀਚੇ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਦਫਤਰਾਂ ਵਿੱਚ ਕੰਮਕਾਜ ਪਾਰਦਰਸ਼ਤਾ ਦੇ ਨਾਲ ਚੱਲ ਰਹੇ ਹਨ, ਸਰਕਾਰ ਨੇ ਭ੍ਰਿਸ਼ਟਾਚਾਰ ਨੂੰ ਪੂਰੀ ਤਰ੍ਹਾਂ ਨਕੇਲ ਪਾ ਦਿੱਤੀ ਹੈ।

ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸੁਰਿੰਦਰ ਸ਼ਰਮਾ ਦਫਤਰ ਪੁੱਜਣ 'ਤੇ ਵਿਧਾਇਕ ਦੇਵ ਮਾਨ ਦਾ ਸਨਮਾਨ ਕਰਦੇ ਹੋਏ।

ਉਨ੍ਹਾਂ ਕਿਹਾ ਕਿ ਖਰਾਬ ਮੌਸਮ ਕਾਰਨ ਫਸਲਾਂ ਦਾ ਕਾਫੀ ਨੁਕਸਾਨ ਹੋਇਆ ਹੈ ਤੇ ਮੁੱਖ ਮੰਤਰੀ ਭਗਵੰਤ ਮਾਨ ਸਾਡੇ ਕਿਸਾਨਾਂ ਦੀ ਮਦਦ ਕਰਨ ਤੇ ਮੁਆਵਜ਼ਾ ਦੇਣ ਵਿੱਚ ਰੁੱਝੇ ਹਨ, ਜਦਕਿ ਪਿਛਲੀਆਂ ਸਰਕਾਰਾਂ ਦੇ ਮੰਤਰੀ ਭ੍ਰਿਸ਼ਟ ਸਨ ਤੇ ਪੰਜਾਬ ਨੂੰ ਲੁੱਟ ਰਹੇ ਸਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਇਕ ਸਾਲ ਵਿੱਚ ਉਨ੍ਹਾਂ ਸਾਰਿਆਂ ਨਾਲੋਂ ਕਿਤੇ ਵੱਧ ਕੰਮ ਕੀਤੇ ਹਨ। ਮਾਨ ਸਰਕਾਰ ਕਿਸਾਨਾਂ ਨੂੰ ਸਭ ਤੋਂ ਵੱਧ ਮੁਆਵਜ਼ਾ ਦੇ ਰਹੀ ਹੈ। ਇਸ ਮੌਕੇ ਹਰਵੀਰ ਸਿੰਘ ਢੀਂਡਸਾ, ਲਖਵੀਰ ਸਿੰਘ, ਸੇਰ ਸਿੰਘ, ਗੁਰਜੰਟ ਸਿੰਘ, ਨਿਰਭੈ ਸਿੰਘ, ਜਗਮੇਲ ਸਿੰਘ ਸੋਹੀ, ਸਾਬਕਾ ਸਰਪੰਚ ਅੱਚਲ ਆਦਿ ਹਾਜ਼ਰ ਸਨ।

ਖੇਤੀਬਾੜੀ ਵਿਭਾਗ ਵੱਲੋਂ ਪਿੰਡ ਪੱਧਰੀ ਕਿਸਾਨ ਕੈਂਪ

ਬਠਿੰਡਾ (ਬਖਤੌਰ ਢਿੱਲੋਂ)-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਾਉਣੀ ਦੀਆਂ ਫ਼ਸਲਾਂ, ਨਰਮੇ ਦੀ ਸੁਚੱਜੀ ਕਾਸ਼ਤ ਲਈ ਡਾ: ਦਿਲਬਾਗ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡਾਂ ਵਿੱਚ ਕਿਸਾਨ ਸਿਖਲਾਈ ਕੈਂਪ ਲਾ ਕੇ ਕਿਸਾਨਾਂ ਨੂੰ ਜਾਣਕਾਰੀ ਤੇ ਸੁਝਾਅ ਦਿੱਤੇ ਜਾ ਰਹੇ ਹਨ। ਇਸ ਲੜੀ ਤਹਿਤ ਪਿੰਡ ਬੱਲੂਆਣਾ ਵਿਖੇ ਡਾ: ਬਲਜ

page-6-25-April-2023-(SM).qxd 4/24/2023 10:46 PM Page 1

ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਹੋਈ ਚੋਰੀ

ਸ੍ਰੀ ਚਮਕੌਰ ਸਾਹਿਬ (ਨਜ਼ਸ)- ਚਮਕੌਰ ਸਾਹਿਬ-ਮੋਰਿੰਡਾ ਰੋਡ 'ਤੇ ਗੁ. ਬੁੰਗਾ ਸਾਹਿਬ ਨੇੜੇ ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਚੋਰੀ ਹੋ ਗਈ ਹੈ।

ਸੰਸਥਾ ਦੇ ਮੁੱਖੀ ਮਨਜਿੰਦਰ ਸਿੰਘ ਅਤੇ ਸੰਜੀਵ ਗਰਗ ਨੇ ਦੱਸਿਆ ਕਿ ਅਪ੍ਰੈਲ 23 ਅਤੇ 24 ਦੀ ਰਾਤ ਨੂੰ ਚੋਰਾਂ ਵੱਲੋਂ ਕਲਾਸ ਰੂਮ ਅਤੇ ਸਟੋਰ ਦੀਆਂ ਗਰਿੱਲਾਂ ਅਤੇ ਸੀਸੇ ਤੋੜ ਕੇ ਚੋਰੀ ਕੀਤੀ ਗਈ ਹੈ। ਜਿਸ ਦੀ ਸੀ ਸੀ ਟੀ ਵੀ ਕੈਮਰੇ ਵਿੱਚ ਤਿੰਨ ਵਿਅਕਤੀਆਂ ਦੀ ਵੀਡੀਓ ਵੀ ਆਈ ਹੈ ਜੋ ਕਿ ਰਾਤ ਨੂੰ ਚੋਰੀ ਕਰਨ ਆਏ। ਚੋਰ 2 ਐਲ ਸੀ ਡੀ, 2 ਐਪਲਈਫਾਇਰ, 1 ਵੱਡਾ ਸਪੀਕਰ, 2 ਜੋੜੀ ਤਬਲਾ ਅਤੇ ਹਰਮੋਨੀਅਮ ਚੋਰੀ ਕਰਕੇ ਚਲੇ ਗਏ। ਉਨ੍ਹਾਂ ਇਸ ਚੋਰੀ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ।

ਸੜਕਾਂ 'ਤੇ ਗੰਦਾ ਪਾਣੀ ਖੜ੍ਹਾ ਹੋਣ ਨਾਲ ਲੋਕ ਪ੍ਰੇਸ਼ਾਨ

ਫਿਲੌਰ (ਨਿਰਮਲ) ਇਥੇ ਸੀਵਰੇਜ ਵਿਭਾਗ ਦੀ ਅਣਗਹਿਲੀ ਕਾਰਨ ਸੜਕਾਂ 'ਤੇ ਪਾਣੀ ਖੜ੍ਹਾ ਹੋਣ ਨਾਲ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ। ਬਲਜਿੰਦਰ ਸੈਣੀ, ਮਨੋਜ ਕੁਮਾਰ, ਹਰਮਨਜੀਤ ਅਤੇ ਹੋਰਨਾਂ ਨੇ ਦੱਸਿਆ ਕਿ ਵਿਸ਼ਵ ਪ੍ਰਸਿੱਧ ਆਰਤੀ ਰਚੇਤਾ ਸ਼ਰਧਾ ਰਾਮ ਫਿਲੌਰੀ ਦੀ ਯਾਦ 'ਚ ਨਵਾਂਸ਼ਹਿਰ ਬੱਸ ਅੱਡੇ ਨਜਦੀਕ ਚੌਕ ਬੜੀ ਸ਼ਰਧਾ ਨਾਲ ਬਣਾਇਆ ਹੋਇਆ ਹੈ ਤੇ ਨਜਦੀਕੀ ਸੀਵਰੇਜ ਬੰਦ ਹੋਣ ਕਾਰਨ ਗੰਦਾ ਪਾਣੀ ਸੜਕ 'ਤੇ ਖੜ੍ਹਾ ਹੋਇਆ ਹੈ ਅਤੇ ਬਦਬੂ ਮਾਰਦਾ ਹੈ।

ਜਿਸ ਕਾਰਨ ਆਉਣ ਜਾਣ ਵਾਲੇ ਯਾਤਰੀਆਂ ਨੂੰ ਬੱਸ ਅੱਡੇ 'ਤੇ ਖੜਨਾ ਮੁਸ਼ਕਲ ਹੋ ਜਾਂਦਾ ਹੈ। ਇਸ ਮਸਲੇ ਨੂੰ ਕਈ ਵਾਰ ਨਗਰ ਕੌਂਸਲ ਅਤੇ ਸੀਵਰੇਜ ਵਿਭਾਗ ਦੇ ਅਧਿਕਾਰੀਆਂ ਦੇ ਧਿਆਨ 'ਚ ਲਿਆ ਚੁੱਕੇ ਹਾਂ ਪਰ ਹਰ ਵਾਰ ਇਸ ਸਮੱਸਿਆ ਦੇ ਹੱਲ ਦਾ ਭਰੋਸਾ ਦਿੱਤਾ ਜਾਂਦਾ ਹੈ।

ਇਸੇ ਤਰ੍ਹਾਂ ਨਗਰ ਕੌਂਸਲ ਦੇ ਸਾਹਮਣੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਨਜਦੀਕ ਗੰਦਾ ਨਾਲਾ ਜਾਂਦਾ ਹੈ, ਪਰ ਉਸ ਗੰਦੇ ਨਾਲੇ ਨੂੰ ਕਿਸੇ ਵੀ ਤਰ੍ਹਾਂ ਕਵਰ ਨਹੀਂ ਕੀਤਾ ਗਿਆ। ਇੱਥੋਂ ਰੋਜਾਨਾ ਬੱਚੇ ਲੰਘਦੇ ਹਨ ਜਿਸ ਕਾਰਨ ਕਦੇ ਵੀ ਕੋਈ ਵੱਡਾ ਹਾਦਸਾ ਹੋ ਸਕਦਾ ਹੈ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਸਮੱਸਿਆਵਾਂ ਦਾ ਹੱਲ ਜਲਦ ਤੋਂ ਜਲਦ ਕੀਤਾ ਜਾਵੇ।

ਕੈਂਸਰ ਪੀੜਤ ਨੌਜਵਾਨ ਦੇ ਇਲਾਜ ਦਾ 80 ਪ੍ਰਤੀਸ਼ਤ ਖਰਚ ਦਾ ਹੋਇਆ ਪ੍ਰਬੰਧ-ਗੌਰਵ ਰਾਣਾ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)- ਨੂਰਪੁਰ ਬੇਦੀ ਇਲਾਕੇ ਦੇ ਦਾਨੀ ਸੱਜਣਾਂ ਨੇ ਮਿਸਾਲ ਕਾਇਮ ਕਰਦਿਆਂ, ਕੈਂਸਰ ਨਾਲ ਜੂਝ ਰਹੇ ਗਰੀਬ ਪਰਵਾਰ ਦੇ ਨੌਜਵਾਨ ਹੈਪੀ ਮੈਹਰਾ ਨੂੰ ਮਹਿੰਗੇ ਇਲਾਜ ਦੇ ਖਰਚੇ ਨੂੰ ਝੱਲਣ ਦੇ ਯੋਗ ਬਣਾ ਦਿੱਤਾ ਹੈ।

ਡੇਰਾ ਮਹਾਂਦੇਵ ਲਖਣੋ ਸਸਕੋਰ ਵਿਖੇ ਸੰਤ ਬਾਬਾ ਉਮੇਦ ਗਿਰ ਮਾਹਰਾਜ ਤੋਂ ਚੌਥੀ ਕੀਮੋ ਦੀ ਅੱਸੀ ਹਜਾਰ ਦੀ ਰਾਸ਼ੀ ਤੇ ਹੁਣ ਤੱਕ ਕੁੱਲ 2 ਲੱਖ 40 ਹਜਾਰ ਦੀ ਰਾਹਤ ਰਾਸ਼ੀ ਪਰਵਾਰ ਨੂੰ ਭੇਟ ਕਰ ਦਿੱਤੀ ਗਈ ਹੈ।

ਕਨਵੀਨਰ ਗੌਰਵ ਰਾਣਾ ਨੇ ਦੱਸਿਆ ਕਿ ਨੌਜਵਾਨ ਦਾ ਪੀ ਜੀ ਆਈ ਵਿਖੇ ਇਲਾਜ ਚੱਲ ਰਿਹਾ ਹੈ ਤੇ ਉਥੋਂ ਦੇ ਮਾਹਿਰਾਂ ਵੱਲੋਂ ਦੱਸੇ ਗਏ ਖਰਚ ਦਾ 80% ਟਾਰਗਟ ਇਲਾਕੇ ਦੇ ਸਹਿਯੋਗ ਨਾਲ ਪੂਰਾ ਹੋ ਗਿਆ ਹੈ।

ਇਸ ਮੌਕੇ ਉਥੇ ਬਾਬਾ ਜੋਗਿੰਦਰ ਸਿੰਘ,ਸਰਪੰਚ ਸੁਖਵਿੰਦਰ ਸਿੰਘ ਆਜਮ ਪੁਰ,ਮੌਂਟੀ, ਕੇਸਵ ਮੱਖਣ ਸਿੰਘ, ਨਰਿੰਦਰ ਰਾਣਾ ਸਬੋਰ,ਗੌਰੂ ਕਾਲੂ, ਲੱਕੀ, ਗੁਰਪ੍ਰਤਾਪ ਸਿੰਘ ਬੜਵਾ,ਮਾਨ ਟਾਇਰਸ, ਰਵੀਸੰਕਰ,ਉਜਾਗਰ ਸਿੰਘ ਬੇਲਾ, ਰਿੰਕੂ ਜੱਟਪੁਰ ਸਮੇਤ ਸਮੂਹ ਸੇਵਾਦਾਰ ਮੌਜੂਦ ਸਨ।

Public Notice

It is brought to notice of General Public that Rajwant Kaur W/o Shamsher Singh R/o H.No. 475, Ward No. 1, Dera Baba Nanak Road Batala Muhala Sunder Nagar, Tehsil Batala, Distt. Gurdaspur is owner 5 Marla i.e. having sole share bearing Khasra No. 29//10/1/1 (0-5) bearing Khewat Khatuni No. 102/180 as per Jamabandi for the year 2016-17 situated in the area of Vill. Khateeb, Tehsil Batala, Distt. Gurdaspur. Bounded by East-Gali 11 feet wide, West-Gali 11 feet wide, North-Ownership of Sai Dass, South-Gali 20 feet wide and Rajwant Kaur W/o Shamsher Singh had lost her previous sale deed No. 4631 dated 11.03.1997, If any one come know regarding to lost documents and has been mortgage with any department or Bank kindly inform within seven day to Advocate Harpal Singh Nijjar Mobile No. 98156-10005

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਟੈਂਡਰ ਸੂਚਨਾ

ਉਪ ਮੁੱਖ ਵਿਯੁਤ ਇੰਜੀਨੀਅਰ/ਜੀਐਸਯੂ, ਉੱਤਰ ਰੇਲਵੇ ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰ ਕਾਰਕ ਅਪਣੇ ਮੂਲ / ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ : 27-ਵਿਯੁਤ/ਜੀਐਸਯੂ-T-03-2023-24

ਕੰਮਾਂ ਦਾ ਵੇਰਵਾ : ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ (ਏ.ਬੀ.ਐਸ.ਐਸ.) ਦੇ ਤਹਿਤ ਢੰਡਾਰੀਕਲਾਂ, ਫਿਲੌਰ ਅਤੇ ਕੋਟਕਪੂਰਾ ਰੇਲਵੇ ਸਟੇਸ਼ਨਾਂ ਉਤੇ ਸਾਫਟ ਅਪਗ੍ਰੇਡੇਸ਼ਨ, ਟ੍ਰੈਫਿਕ ਸਰਕੂਲੇਸ਼ਨ, ਸਰਕੂਲੇਟਿੰਗ ਏਰੀਆ, ਏਂਟ੍ਰੇਂਸ ਪੋਰਚ, ਪਲੇਟਫਾਰਮ, ਪਲੇਟਫਾਰਮ ਸ਼ੇਲਟਰ, ਮੌਜੂਦਾ ਸਟੇਸ਼ਨ ਬਿਲਡਿੰਗ, ਪਖਾਨਾ, ਫੁਟ ਓਵਰ ਬ੍ਰਿਜ ਅਤੇ ਅਗ੍ਰਭਾਗ ਦੀ ਪ੍ਰਕਾਸ਼ ਵਿਵਸਥਾ ਅਤੇ ਹੋਰ ਸਹਾਇਕ ਕੰਮਾਂ ਸਹਿਤ ਪ੍ਰਕਾਸ਼ ਵਿਵਸਥਾ ਵਿਚ ਸੁਧਾਰ ਲਈ ਵਿਯੁਤ ਕੰਮ।

ਅਨੁਮਾਨਿਤ ਲਾਗਤ (ਰੁ:) : 2,32,08,604.03

ਬਿਆਨਾ ਰਾਸ਼ੀ (ਰੁ:) : 2,66,100.00

ਕੰਮ ਦਾ ਸਮਾਂ : 06 ਮਹੀਨੇ

ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 19.05.2023, 15:00 ਵਜੇ ਦੇ ਬਾਦ

ਵੇਬਸਾਈਟ : www.ireps.gov.in

ਨੰ: ਐਨਆਈਟੀ-03/2023-24 ਮਿਤੀ : 24.04.2023 1227/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

COURT NOTICE

In the Court of
Rakesh Kumar
Additional Distt. And Sessions Judge-III, Kapurthala
CNR No. PBKP 01-000676-2023 Next Date : 26-05-2023
CRM/49/2023
Kashmir Singh through LR
Vs. State of Punjab
Notice to :

Gurpartap Singh , Father : Ravinder Singh R/o Preet Nagar, Near Markfed Chowk, Kapurthala.

In above titled case, the accused could not be served. It is ordered that accused should appear in person or through counsel on 26-05-2023 at 10.00. a.m.

For details logon to https://highcourtchd.gov.in/?trs_notice&district=Kapurthala.

Addl. Distt. And Sessions Judge-III, Kapurthala

Dated, this day of 23-04-2023

COURT NOTICE

(U/o 5 Rule 20 CPC)
In the Court of
Ms. Navreet Kaur, Civil Judge (Junior Division), Bathinda
CNR No. PBBT 02-001191-2022
Next Date : 15-07-2023
Anita Rani
Vs
Municipal Committee
Suit for declaration
Publication Issued to ; 4. Nirmala Devi, D/o Kishori Lal, now W/o Vijender Kumar, 5. Mamta Devi, D/o Sh. Kishori Lal, now W/o Parkash Chand, R/o Bharat Nagar, Near MC Colony, Bhiwani (Haryana)

In above titled case, the defendant(s)/respondent(s) could not be served, It is ordered that defendant(s)/respondent(s)should appear in person or through counsel on 15-07-2023 at 10.00 a.m.

For details logon to https://highcourtchd.gov.in/?trs_notice&district=Bathinda.

Civil Judge (Junior Division), Bathinda.

dated, this day of 17-04-2023

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਟੈਂਡਰ ਸੂਚਨਾ

ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉਪ ਮੁੱਖ ਸਾਮਗਰੀ ਪ੍ਰਬੰਧਕ / ਉੱਤਰ ਰੇਲਵੇ / ਭੰਡਾਰ ਡਿਪੋ / ਯਾਂਤ੍ਰਿਕ ਕਾਰਖਾਨਾ/ਅੰਮ੍ਰਿਤਸਰ ਦੁਵਾਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ ਟੈਂਡਰ ਮੰਗ ਕੀਤੀ ਜਾਂਦੀ ਹੈ।

ਲ. ਨੰ:	ਟੈਂਡਰ ਨੰਬਰ	ਮਾਲ ਦਾ ਵੇਰਵਾ	ਮਾਤਰਾ	ਟੈਂਡਰ ਖੁਲਣ ਦੀ ਮਿਤੀ
01	62235046	High Tensile Centre Buffer Coupler (Non-Transition) for BVCM Wagons as per attached annexure-I. RDSO spec: WD-70-BD-10 (Rev.3) of May 2022	107 Set	15.05.2023

ਟੈਂਡਰ ਸ਼ਰਤਾਂ ireps ਦੀ ਵੈਬਸਾਈਟ www.ireps.gov.in ਉਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀਂ ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ। ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ

ਟੈਂਡਰ ਨੋਟਿਸ ਨੰਬਰ:-02/2023-2024 ਮਿਤੀ : 22/04/2023 1223/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

Public Notice

It hereby inform to General Public at Larger that Sh. Ashok Kumar S/o Darshan Kumar S/o Gyan Chand R/o Makhu, Tehsil Makhu and District Ferozepur 142044 that the Original previous title deed no. 287, dt-23-05-2007 on the name of Sita Rani W/o Darshan Kumar S/o Gyan Chand has been lost.

1. If anybody having claim or claiming any prior rights or interest in any manner in this property or has raised loan by depositing the aforesaid document to any person/bank/corporation/financial institution may approach the undersigned and submit objection within 7 days from the date of this public notice. After the expiry of period of this no claim shall be entertained and such claim shall be deemed to be false, fake frivolous, fraudulent and baseless claim and shall have no value in the eyes of law.

Au Small Finance Bank
Through its authorized Signatory.
Adv. Pavitar Singh-99888-29655

AXIS BANK

ਐਕਸਿਸ ਬੈਂਕ ਲਿਮਟਿਡ, ਰਿਟੇਲ ਅਸੈੱਟ ਸੈਂਟਰ : ਦੂਜੀ ਮੰਜ਼ਲ, ਜਾਇਦਾਦ # 7-ਏ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਕਾਰਪੋਰੇਟ ਦਫਤਰ : ਤੀਜੀ ਮੰਜ਼ਲ , ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025 ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਧਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ	ਜਾਇਦਾਦ ਦਾ ਵੇਰਵਾ
1. ਸ੍ਰੀ ਕੇਵਲ ਕ੍ਰਿਸ਼ਨ ਪੁੱਤਰ ਪਿਆਰਾ ਸਿੰਘ ਅਤੇ 2. ਸ੍ਰੀਮਤੀ ਮੇਘਾ ਪਤਨੀ ਕੇਵਲ ਕ੍ਰਿਸ਼ਨ ਦੋਵੇਂ ਵਾਸੀ ਮਕਾਨ ਨੰ. 31-ਏ, ਕਮਲ ਵਿਹਾਰ, ਵਾਰਡ ਨੰ. 15, ਜਲੰਧਰ, ਪੰਜਾਬ-144001, ਨਾਲ ਹੀ : ਸ੍ਰੀ ਕੇਵਲ ਕ੍ਰਿਸ਼ਨ ਪੁੱਤਰ ਪਿਆਰਾ ਸਿੰਘ ਸਕਿਉਰਟੀ ਗਾਰਡ ਮੈਸ: ਪ੍ਰਿੰਸੀਪਲ ਸਕਿਉਰਟੀ ਐਂਡ ਅਲਾਈਡ ਸਰਵਿਸਿਜ਼ ਦਫਤਰ ਨੰ. 3, ਦੂਜੀ ਮੰਜ਼ਲ, ਮੋਨਿਕਾ ਟਾਵਰ, ਮਿਲਾਪ ਚੌਕ, ਜਲੰਧਰ-144001 ਕਰਜ਼ਾ ਖਾਤਾ ਨੰ. LPR0115504901372	ਤਬਾਦਲਾ ਬੈਨਾਮਾ ਵਸੀਕਾ ਨੰ. 9991 ਮਿਤੀ 15.12.2017 ਰਾਹੀਂ ਸ੍ਰੀ ਕੇਵਲ ਕ੍ਰਿਸ਼ਨ ਪੁੱਤਰ ਪਿਆਰਾ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 31-ਏ, ਰਕਬਾ 02 ਮਰਲੇ-82 ਵਰਗ ਫੁੱਟ, ਖਸਰਾ ਨੰ. 1787/1695/30, 23/2, 31, 27, 1789/35-36, 1786/28, 1697/37-38, 1698/37-38, 40, 2049/41, 24, 25, 26, ਖੱਤਾ ਨੰ. 339/360, 340/361, 342/363, ਜਮ੍ਹਾਂਬੰਦੀ ਸਾਲ 2008-2009, ਕਮਲ ਵਿਹਾਰ, ਚੁਗਿੱਟੀ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਲਕਸ਼ਮਣ ਮਕਾਨ ਨੰ. 31-ਏ, ਪੱਛਮ : ਅਸ਼ੋਕ ਹੰਸ, ਉੱਤਰ : ਸੜਕ, ਦੱਖਣ : ਗਲੀ
ਡਿਮਾਂਡ ਨੋਟਿਸ ਦੀ ਮਿਤੀ 03 ਸਤੰਬਰ 2022 / ਕਬਜ਼ੇ ਦੀ ਮਿਤੀ 21 ਅਪ੍ਰੈਲ 2023	ਡਿਮਾਂਡ ਨੋਟਿਸ 'ਚ ਰਕਮ (ਰੁਪਏ) : ਰੁਪਏ 12,02,240 (ਬਾਰਾਂ ਲੱਖ ਦੋ ਹਜ਼ਾਰ ਦੋ ਸੌ ਚਾਲੀ ਰੁਪਏ ਕੇਵਲ)
1. ਸ੍ਰੀ ਯੂਸਫ ਪੁੱਤਰ ਰਈਸ ਅਹਿਮਦ ਅਤੇ 2. ਸ੍ਰੀਮਤੀ ਰਹੀਸ਼ਾ ਪਤਨੀ ਰਈਸ ਅਹਿਮਦ ਦੋਵੇਂ ਵਾਸੀ #32, ਗੁਰੂ ਸੰਤ ਨਗਰ, ਬਸਤੀ ਗੁਜਾਂ, ਜ਼ਿਲ੍ਹਾ ਜਲੰਧਰ-144002, ਨਾਲ ਹੀ : ਮਕਾਨ ਨੰ. 50, ਗੁਰੂ ਨਾਨਕ ਨਗਰ, ਬਸਤੀ ਦਾਨਿਸ਼ਮੰਦਾਂ, ਜ਼ਿਲ੍ਹਾ ਜਲੰਧਰ-144002, ਨਾਲ ਹੀ : ਸ੍ਰੀ ਯੂਸਫ ਪੁੱਤਰ ਰਈਸ ਅਹਿਮਦ ਮਾਲਕ ਮੈਸ: ਯੂਸਫ ਇੰਟਰੀਅਰ ਡਿਜ਼ਾਈਨਰ ਐਂਡ ਪੇਂਟ ਕੰਟੈਕਟਰ # 32, ਗੁਰੂ ਸੰਤ ਨਗਰ, ਬਸਤੀ ਦਾਨਿਸ਼ਮੰਦਾਂ, ਜ਼ਿਲ੍ਹਾ ਜਲੰਧਰ-144002 ਕਰਜ਼ਾ ਖਾਤਾ ਨੰ : LPR015507320533	ਬੈਨਾਮਾ ਵਸੀਕਾ ਨੰ. 6186 ਮਿਤੀ 11.10.2012 ਅਨੁਸਾਰ ਸ੍ਰੀਮਤੀ ਰਹੀਸ਼ਾ ਪਤਨੀ ਰਈਸ ਅਹਿਮਦ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 50, ਰਕਬਾ 05 ਮਰਲੇ 75 ਵਰਗ ਫੁੱਟ, ਖੱਤਾ ਨੰ. 474/528, ਖਸਰਾ ਨੰ. 1203 (9-8), ਹਦਬਸਤ ਨੰ. 312, ਜਮ੍ਹਾਂਬੰਦੀ ਸਾਲ 1997-1998, ਗੁਰੂ ਨਾਨਕ ਨਗਰ, ਬਸਤੀ ਦਾਨਿਸ਼ਮੰਦਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੜਕ, ਪੱਛਮ : ਮਾਲਕ, ਉੱਤਰ : ਮਕਾਨ ਨੰ. 49, ਦੱਖਣ : ਮਾਲਕ।
ਡਿਮਾਂਡ ਨੋਟਿਸ ਦੀ ਮਿਤੀ 14 ਨਵੰਬਰ 2022 / ਕਬਜ਼ੇ ਦੀ ਮਿਤੀ 21 ਅਪ੍ਰੈਲ 2023	ਡਿਮਾਂਡ ਨੋਟਿਸ 'ਚ ਰਕਮ (ਰੁਪਏ) : ਰੁਪਏ 25,56,700/- (ਪੱਚੀ ਲੱਖ ਛਪੰਜਾ ਹਜ਼ਾਰ ਸੱਤ ਸੌ ਰੁਪਏ ਕੇਵਲ)

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਸਥਾਨ : ਲੁਧਿਆਣਾ
ਮਿਤੀ : 25.04.2023

ਅਧਿਕਾਰਤ ਅਫਸਰ
ਐਕਸਿਸ ਬੈਂਕ ਲਿਮਟਿਡ

ਉੱਤਰ ਰੇਲਵੇ

ਆਜ਼ਾਦੀ ਦਾ

25-APRIL-PAGE-7.qxd 4/24/2023 10:49 PM Page 1

ਮੋਟਰਾਂ ਚੋਰੀ ਕਰਨ ਵਾਲੇ ਗਰੋਹ ਦੇ ਔਰਤ ਸਮੇਤ ਤਿੰਨ ਮੈਂਬਰ ਕਾਬੂ

■ ਚੋਰੀ ਕੀਤੀਆਂ ਮੋਟਰਾਂ ਘਰ ਦੀ ਰਸੋਈ 'ਚ ਬਣਾਈ ਸੁਰੰਗ 'ਚ ਰੱਖਦੇ ਸਨ

ਸਮਰਾਲਾ (ਸੁਰਜੀਤ ਸਿੰਘ)

ਸਮਰਾਲਾ ਪੁਲਸ ਵੱਲੋਂ ਖੇਤਾਂ ਵਿੱਚੋਂ ਟਿਊਬਵੈੱਲ ਮੋਟਰਾਂ ਚੋਰੀ ਕਰਨ ਵਾਲੇ ਗ੍ਰੋਹ ਦਾ ਪਰਦਾਫਾਸ਼ ਕਰਦਿਆਂ ਇੱਕ ਔਰਤ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦਕਿ ਇਨ੍ਹਾਂ ਵਿੱਚੋਂ ਇੱਕ ਵਿਅਕਤੀ ਰਮਨਦੀਪ ਸਿੰਘ ਉਰਫ ਰਵੀ ਭੱਜਣ ਵਿੱਚ ਫਰਾਰ ਹੋ ਗਿਆ।

ਥਾਣਾ ਸਮਰਾਲਾ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਡੀ.ਐੱਸ.ਪੀ. ਵਰਿਆਮ ਸਿੰਘ ਖਹਿਰਾ ਤੇ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਐੱਸ.ਐੱਸ.ਪੀ. ਖੰਨਾ ਅਮਨੀਤ ਕੌਂਡਲ ਤੇ ਐੱਸ.ਪੀ.(ਆਈ) ਡਾ. ਪ੍ਰਗਿਆ ਜੈਨ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਸਮਰਾਲਾ ਪੁਲਸ ਵੱਲੋਂ ਮੋਟਰਾਂ ਚੋਰੀ ਕਰਨ ਵਾਲੇ ਗ੍ਰੋਹ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਕੋਲੋਂ 7 ਮੋਟਰਾਂ ਦੇ ਖੋਲ, ਤੱਕੜੀ ਵੱਟੇ, ਪਲਾਸ, ਚਾਬੀਆਂ ਤੇ ਦੋ ਰੇੜੇ ਬਰਾਮਦ ਕੀਤੇ ਹਨ। ਕੇਸ ਵਿੱਚ ਨਾਮਜ਼ਦ ਵਿਅਕਤੀਆਂ ਦੀ ਪਹਿਚਾਣ ਰਮਨਦੀਪ ਸਿੰਘ ਉਰਫ ਰਵੀ, ਇਸ ਦਾ ਸਾਥ ਦੇਣ ਵਾਲੀ ਹਰਪ੍ਰੀਤ ਕੌਰ ਵਾਸੀਆਨ ਨੀਲੋਂ ਕਲਾਂ, ਸੁਖਜੀਤਪਾਲ ਸਿੰਘ ਉਰਫ ਸੈਂਕੀ ਵਾਸੀ ਘੁਲਾਲ ਤੇ ਕਬਾੜ ਦਾ ਕੰਮ ਕਰਨ ਵਾਲੇ ਜੋਤੀ ਰਾਮ ਤੇ ਕੁਲਵੰਤ ਸਿੰਘ ਉਰਫ ਕਾਂਤੀ ਵਾਸੀਆਨ ਕਟਾਣੀ ਖੁਰਦ ਵਜੋਂ ਹੋਈ ਹੈ।

ਸ਼੍ਰੀ ਖਹਿਰਾ ਨੇ ਦੱਸਿਆ ਕਿ ਮਨਜਿੰਦਰ ਸਿੰਘ ਉਰਫ ਮਿੰਦੀ ਵਾਸੀ ਨੀਲੋਂ ਕਲਾਂ ਦੀ ਕੁਝ ਸਮਾਂ ਪਹਿਲਾਂ ਮੋਟਰ ਚੋਰੀ ਹੋ ਗਈ, ਜਿਸ ਦੇ ਬਿਆਨਾਂ 'ਤੇ ਕੇਸ ਦਰਜ ਕਰਨ ਤੋਂ ਬਾਅਦ ਤਫਤੀਸ਼ ਜਾਰੀ ਸੀ। ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਰਮਨਦੀਪ ਸਿੰਘ ਉਰਫ ਰਵੀ ਤੇ ਸੁਖਜੀਤਪਾਲ ਸਿੰਘ ਉਰਫ ਸੈਂਕੀ ਖੇਤਾਂ ਵਿੱਚੋਂ ਮੋਟਰਾਂ ਚੋਰੀ ਕਰਕੇ ਉਨ੍ਹਾਂ ਵਿੱਚੋਂ ਤਾਂਬਾ ਕੱਢ ਕੇ ਵੇਚਣ ਤੋਂ ਬਾਅਦ ਲੋਹੇ ਦੇ ਖੋਲ ਆਪਣੇ ਘਰ ਦੀ ਰਸੋਈ ਵਿੱਚ ਬਣਾਈ ਇੱਕ ਸੁਰੰਗ ਵਿੱਚ ਲੁਕੋ ਕੇ ਰੱਖ ਦਿੰਦੇ ਸਨ ਤਾਂ ਕਿ ਕਿਸੇ ਨੂੰ ਇਸ ਭੇਦ ਬਾਰੇ ਪਤਾ ਨਾ ਲੱਗ ਸਕੇ। ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਇਸ ਕੰਮ ਵਿੱਚ ਰਮਨਦੀਪ ਉਰਫ ਰਵੀ ਦੀ ਮਾਤਾ ਹਰਪ੍ਰੀਤ ਕੌਰ ਵੀ ਇਨ੍ਹਾਂ ਦਾ ਸਾਥ ਦਿੰਦੀ ਸੀ ਤੇ ਅੱਗੇ ਇਹ ਮੋਟਰਾਂ ਦੇ ਲੋਹੇ ਦੇ ਖੋਲ ਕਬਾੜੀਏ ਜੋਤੀ ਰਾਮ ਤੇ ਕੁਲਵੰਤ ਸਿੰਘ ਉਰਫ ਕਾਂਤੀ ਨੂੰ ਵੇਚਦੇ ਸਨ, ਜਿਨ੍ਹਾਂ ਨੂੰ ਵੀ ਕੇਸ ਵਿੱਚ ਨਾਮਜ਼ਦ ਕਰਨ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਉਕਤ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਪੁਲਸ ਨੂੰ ਰਿਮਾਂਡ ਦੌਰਾਨ ਹੋਰ ਵੀ ਖੁਲਾਸੇ ਸਾਹਮਣੇ ਆਉਣ ਦੀ ਉਮੀਦ ਹੈ।

ਗਰੀਬ ਪਰਵਾਰ ਵੱਲੋਂ ਮਕਾਨ ਬਣਾਉਣ ਲਈ ਸਰਕਾਰ ਤੋਂ ਮਦਦ ਦੀ ਪੁਕਾਰ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਫਾਜ਼ਿਲਕਾ ਨੇੜਲੇ ਪਿੰਡ ਗੰਜੂਆਣਾ ਹਸਤਾ ਦੀ ਢਾਣੀ ਲਟਕਣ ਸਿੰਘ ਵਾਸੀ ਇਕ ਗਰੀਬ ਪਰਿਵਾਰ ਨੇ ਸਰਕਾਰ ਤੋਂ ਪੱਕਾ ਮਕਾਨ ਬਣਾਉਣ ਲਈ ਆਰਥਿਕ ਮਦਦ ਦੀ ਮੰਗ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਢਾਣੀ ਲਟਕਣ ਸਿੰਘ, ਗੰਜੂਆਣਾ ਹਸਤਾ ਵਾਸੀ ਸੁਰਿੰਦਰ ਸਿੰਘ ਪੁੱਤਰ ਸੰਤੋਖ ਸਿੰਘ ਨੇ ਦੱਸਿਆ ਕਿ ਉਸ ਦਾ ਇਕ ਮਕਾਨ ਹੈ, ਜਿਸ ਦੀ ਹਾਲਤ ਖਸਤਾ ਬਣੀ ਹੋਈ ਹੈ। ਉਨ੍ਹਾਂ ਲਈ ਇਸ ਮਕਾਨ ਵਿੱਚ ਰਹਿਣਾ ਖਤਰੇ ਤੋਂ ਖਾਲੀ ਨਹੀਂ ਜਾਪਦਾ, ਕਿਉਂਕਿ ਇਸ ਦੀਆਂ ਕੰਧਾਂ ਦੀ ਹਾਲਤ ਬਹੁਤ ਖਰਾਬ ਹੈ ਤੇ ਛੱਤ ਦੀ ਹਾਲਤ ਵੀ ਬਹੁਤ ਮਾੜੀ ਹੈ। ਅਜਿਹੇ 'ਚ ਇਹ ਕਿਸੇ ਸਮੇਂ ਵੀ ਡਿੱਗ ਕੇ ਕਿਸੇ ਵੱਡੇ ਹਾਦਸੇ ਦਾ ਕਾਰਨ ਬਣ ਸਕਦਾ ਹੈ। ਉਨ੍ਹਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਦਾ ਕੱਚਾ ਮਕਾਨ ਸੀ, ਜੋ ਬਾਰਸ਼ ਕਾਰਨ ਢਹਿ ਗਿਆ ਸੀ, ਜਿਸ ਲਈ ਉਨ੍ਹਾਂ ਨੂੰ ਅਜੇ ਤੱਕ ਕੋਈ ਮੁਆਵਜ਼ਾ ਵੀ ਨਹੀਂ ਮਿਲਿਆ। ਇਸ ਤੋਂ ਬਾਅਦ ਹੁਣ ਉਨ੍ਹਾਂ ਕੋਲ ਉਹੀ ਖਸਤਾਹਾਲ ਮਕਾਨ ਹੈ, ਜਿਸ ਦੀ ਹਾਲਤ ਵੀ ਬਹੁਤ ਤਰਸਯੋਗ ਬਣੀ ਹੋਈ ਹੈ। ਉਸ ਨੇ ਦੱਸਿਆ ਕਿ ਉਹ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦਾ ਹੈ ਤੇ ਆਪਣੇ ਲਈ ਪੱਕਾ ਮਕਾਨ ਬਣਾਉਣ ਤੋਂ ਅਸਮਰੱਥ ਹੈ। ਇਸ ਲਈ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਪੱਕਾ ਮਕਾਨ ਬਣਾਉਣ ਲਈ ਆਰਥਿਕ ਮਦਦ ਦਿੱਤੀ ਜਾਵੇ।

ਗੜੇਮਾਰੀ ਤੇ ਮੀਂਹ ਨੇ ਕਿਸਾਨਾਂ ਦੀਆਂ ਉਮੀਦਾਂ 'ਤੇ ਫੇਰਿਆ ਪਾਣੀ : ਸੰਧੂ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਬੀਤੇ ਦਿਨੀਂ ਹੋਈ ਬੇਮੌਸਮੀ ਬਾਰਿਸ਼ ਤੇ ਗੜੇਮਾਰੀ ਨੇ ਇੱਕ ਵਾਰ ਫਿਰ ਕਿਸਾਨਾਂ ਦੀਆਂ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਇਸ ਬਾਰਿਸ਼ ਤੇ ਗੜੇਮਾਰੀ ਕਾਰਨ ਇਸ ਵਾਰ ਭਾਰਤ-ਪਾਕਿਸਤਾਨ ਸਰਹੱਦ ਨੇੜੇ ਕੰਡਿਆਲੀ ਤਾਰ 'ਤੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਕਾਫੀ ਨੁਕਸਾਨ ਹੋਇਆ ਹੈ। ਕੰਡਿਆਲੀ ਤਾਰ ਤੋਂ ਇਲਾਵਾ ਕਿਸਾਨ ਬਿਜਾਈ ਦੀ ਤਿਆਰੀ ਤੋਂ ਲੈ ਕੇ ਫਸਲ ਦੀ ਕਟਾਈ ਤੱਕ ਆਪਣਾ ਕੰਮ ਨਹੀਂ ਕਰ ਸਕਦਾ। ਇਸ ਲਈ ਉਸ ਨੂੰ ਬੀ ਐੱਸ ਐੱਫ ਦੇ ਰਹਿਮ 'ਤੇ ਨਿਰਭਰ ਰਹਿਣਾ ਪੈਂਦਾ ਹੈ। ਕੰਡਿਆਲੀ ਤਾਰ ਦੇ ਪਾਰ ਸਿਰਫ 10 ਫੀਸਦੀ ਕਣਕ ਦੀ ਹੀ ਕਟਾਈ ਹੁੰਦੀ ਹੈ, ਜਦੋਂਕਿ ਕੰਡਿਆਲੀ ਤਾਰ ਦੇ ਪਿੱਛੇ 90 ਫੀਸਦੀ ਕਣਕ ਦੀ ਕਟਾਈ ਹੁੰਦੀ ਹੈ। ਸਰਕਾਰ ਨੂੰ ਇਸ ਖੇਤਰ ਦੇ ਕਿਸਾਨਾਂ ਦੀ ਕੋਈ ਪ੍ਰਵਾਹ ਨਹੀਂ ਹੈ। ਇਸ ਖਿੱਤੇ ਵਿੱਚ ਕਿਸਾਨਾਂ ਦੀਆਂ ਫਸਲਾਂ ਪਹਿਲਾਂ ਜੰਗਲੀ ਜਾਨਵਰਾਂ ਵੱਲੋਂ ਤਬਾਹ ਕੀਤੀਆਂ ਜਾਂਦੀਆਂ ਹਨ ਤੇ ਬਾਕੀ ਫਸਲਾਂ ਬੇਮੌਸਮੀ ਬਾਰਿਸ਼ ਤੇ ਗੜੇਮਾਰੀ ਨਾਲ ਰੁੜ੍ਹ ਜਾਂਦੀਆਂ ਹਨ। ਬਾਰਡਰ ਏਰੀਆ ਕਿਸਾਨ ਯੂਨੀਅਨ ਪੰਜਾਬ ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਸੁਖਦੇਵ ਸਿੰਘ ਸੰਧੂ ਨੇ ਕਿਹਾ ਕਿ ਕਿਸਾਨ ਕੁਦਰਤ ਵੱਲੋਂ ਆਪਣੀਆਂ ਫਸਲਾਂ ਦੀ ਬਰਬਾਦੀ ਨੂੰ ਆਪਣੀਆਂ ਅੱਖਾਂ ਨਾਲ ਦੇਖ ਰਿਹਾ ਹੈ। ਇਸ ਮੀਂਹ ਤੇ ਗੜੇਮਾਰੀ ਨੇ 100 ਫੀਸਦੀ ਨੁਕਸਾਨ ਕੀਤਾ ਹੈ ਅਤੇ ਕੰਡਿਆਲੀ ਤਾਰ ਤੋਂ ਪਾਰ ਕਿਸਾਨਾਂ ਦੀਆਂ ਫਸਲਾਂ ਬਰਬਾਦ ਕਰ ਦਿੱਤੀਆਂ ਹਨ। ਛੋਟੇ ਕਿਸਾਨਾਂ ਕੋਲ ਖਾਣ ਲਈ ਅਨਾਜ ਵੀ ਨਹੀਂ ਬਚਿਆ। ਉਨ੍ਹਾ ਕਿਹਾ ਕਿ ਅਸੀਂ ਆਪਣੀ ਮਰਜ਼ੀ ਅਨੁਸਾਰ ਖੇਤੀ ਨਹੀਂ ਕਰ ਸਕਦੇ। ਬੀ ਐੱਸ ਐੱਫ ਅਧਿਕਾਰੀਆਂ ਨੇ ਇੱਕ ਗੇਟ ਤੋਂ ਸਿਰਫ ਇੱਕ ਕੰਬਾਈਨ ਦੀ ਇਜਾਜ਼ਤ ਦਿੱਤੀ ਹੈ, ਜਿਸ ਕਾਰਨ ਸਮਾਂ ਲੱਗਦਾ ਹੈ। ਫਸਲ ਨੂੰ ਬਚਾਉਣ ਲਈ ਉਨ੍ਹਾਂ ਕਈ ਦਿਨਾਂ ਤੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਦੇ 6 ਸਰਹੱਦੀ ਜ਼ਿਲ੍ਹਿਆਂ ਦੇ ਕੰਡਿਆਲੀ ਤਾਰ ਤੋਂ ਪਾਰ ਕਿਸਾਨਾਂ ਦੀਆਂ ਫਸਲਾਂ ਦੀ ਗਿਰਦਾਵਰੀ ਕਰਵਾਈ ਜਾਵੇ ਤੇ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ।

ਕਾਤਰਾਂ

ਮਾਤਾ ਬਿਮਲਾ ਦੇਵੀ ਦਾ ਦੇਹਾਂਤ

ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸੱਪਲ)-ਭਾਜਪਾ ਦੇ ਸੀਨੀਅਰ ਆਗੂ ਕੁਲਦੀਪ ਕੁਮਾਰ ਮੰਗਲਾ, ਰਤਨ ਕੁਮਾਰ ਮੰਗਲਾ, ਨਿਰਦੋਸ਼ ਕੁਮਾਰ ਮੰਗਲਾ, ਨਰਿੰਦਰ ਕੁਮਾਰ ਮੰਗਲਾ ਨੂੰ ਉਸ ਸਮੇਂ ਵੱਡਾ ਸਦਮਾ ਪੂਜਾ, ਜਦੋਂ ਉਨ੍ਹਾਂ ਦੀ ਮਾਤਾ ਬਿਮਲਾ ਦੇਵੀ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ। ਇਸ ਮੌਤ 'ਤੇ ਭਾਜਪਾ ਦੇ ਸਰਕਲ ਪ੍ਰਧਾਨ ਵਿਜੇ ਕੁਮਾਰ ਗੋਇਲ, ਰਤਨ ਕਮਰ ਮੰਗੂ, ਪਵਨ ਕੁਮਾਰ ਤਾਇਲ, ਸੰਜੇ ਸੈਨ, ਕਾਲਾ ਮਿੱਤਲ ਤੇ ਸ਼੍ਰੋਣੀ ਅਕਾਲੀ ਦਲ(ਅ) ਦੇ ਹਲਕਾ ਇੰਚਾਰਜ ਅੰਮ੍ਰਿਤਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਗਿੱਲ, ਆਮ ਆਦਮੀ ਪਾਰਟੀ ਦੇ ਆਗੂ ਬਲਵਿੰਦਰ ਸਿੰਘ ਢਿੱਲੋਂ, ਸਾਬਕਾ ਸਰਪੰਚ ਪਾਲੀ ਕਮਲ ਉੱਭਾਵਾਲ ਤੋਂ ਇਲਾਵਾ ਸਮੂਹ ਪੱਤਰਕਾਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ 28 ਅਪ੍ਰੈਲ ਨੂੰ ਪ੍ਰਾਚੀਨ ਸ਼ਿਵ ਮੰਦਿਰ ਪੱਤੀ ਸੁਨਾਮੀ ਲੌਂਗੋਵਾਲ ਵਿਖੇ ਪਵੇਗਾ।

2 ਕਿੱਲੋ ਅਫ਼ੀਮ ਸਮੇਤ ਟਰੱਕ ਚਾਲਕ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸੀ.ਆਈ.ਏ. ਸਟਾਫ ਸਰਹਿੰਦ ਦੀ ਟੀਮ ਵੱਲੋਂ ਇੱਕ ਟਰੱਕ ਚਾਲਕ ਨੂੰ 2 ਕਿੱਲੋ ਅਫ਼ੀਮ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪੁਲਸ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਗਸ਼ਤ ਕਰ ਰਹੀ ਸੀ.ਆਈ.ਏ. ਸਟਾਫ ਸਰਹਿੰਦ ਦੀ ਇੱਕ ਟੀਮ ਨੂੰ ਮੁਖਬਰੀ ਮਿਲੀ ਕਿ ਦਵਿੰਦਰ ਸਿੰਘ ਉਰਫ ਕੇ. ਪੀ. ਵਾਸੀ ਪਿੰਡ ਕਲੇਰ ਕਲਾਂ (ਗੁਰਦਾਸਪੁਰ), ਜਿਸ ਕੋਲ ਆਪਣਾ ਬੈਨਜ਼ ਕੰਪਨੀ ਦਾ ਟਰੱਕ ਹੈ, ਅਫ਼ੀਮ ਵੇਚਣ ਦਾ ਧੰਦਾ ਕਰਦਾ ਹੈ, ਜੋ ਕਿ ਇਸ ਸਮੇਂ ਨੰਦਾ ਪੈਟਰੋਲ ਪੰਪ ਸਰਹਿੰਦ ਨਜ਼ਦੀਕ ਮੋਟੂ ਢਾਬੇ ਕੋਲ ਖੜ੍ਹ ਕੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ, ਜਿਸ ਉਪਰੰਤ ਸੀ.ਆਈ.ਏ. ਦੀ ਟੀਮ ਨੇ ਛਾਪੇਮਾਰੀ ਕਰਦਿਆਂ ਢਾਬੇ ਨਜ਼ਦੀਕ ਟਰੱਕ ਨੰਬਰ ਪੀ.ਬੀ.35.ਕਿਊ-9899 'ਚ ਬੈਠੇ ਦਵਿੰਦਰ ਸਿੰਘ ਨੂੰ ਕਾਬੂ ਕੀਤਾ, ਜਿਸ ਦੌਰਾਨ ਸਬ-ਇੰਸਪੈਕਟਰ ਸਤਵਿੰਦਰ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਟਰੱਕ ਦੇ ਕੈਬਿਨ 'ਚੋਂ 2 ਕਿੱਲੋ ਅਫ਼ੀਮ ਬਰਾਮਦ ਹੋਈ। ਇਸ ਸਬੰਧੀ ਥਾਣਾ ਸਰਹਿੰਦ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਦਵਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ ਟਰੱਕ ਨੂੰ ਕਬਜ਼ੇ 'ਚ ਲੈਂਦਿਆਂ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

ਦਸਤਾਰ ਕੋਚ ਭਾਈ ਨਿਰਮਲ ਸਿੰਘ ਛਾਜਲਾ ਦਾ ਸਨਮਾਨ

ਦਿੜ੍ਹਬਾ (ਜਸਵੀਰ ਲਾਡੀ)-ਇੱਥੋਂ ਥੋੜ੍ਹੀ ਦੂਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਵਿਖੇ ਪਿਛਲੇ ਦਿਨੀਂ ਲੱਗੇ 10 ਦਿਨਾ ਦਸਤਾਰ ਸਿਖਲਾਈ ਕੈਂਪ ਵਿੱਚ ਬਤੌਰ ਕੋਚ ਦੀ ਸੇਵਾ ਕਰ ਰਹੇ ਭਾਈ ਨਿਰਮਲ ਸਿੰਘ ਛਾਜਲਾ ਜੀ ਨੂੰ ਸਕੂਲ ਦੇ ਪ੍ਰਿੰਸੀਪਲ ਸ੍ਰ. ਗੁਰਪ੍ਰੀਤ ਸਿੰਘ ਨੇ ਚੈੱਕ ਦੇ ਕੇ ਸਨਮਾਨਤ ਕੀਤਾ। ਪ੍ਰਿੰਸੀਪਲ ਨੇ ਦੱਸਿਆ ਕਿ ਇਸ ਦਸਤਾਰ ਸਿਖਲਾਈ ਕੈਂਪ ਵਿੱਚ ਇਲਾਕੇ ਦੇ 50 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ ਸੀ ਅਤੇ ਵਿਦਿਆਰਥੀਆਂ ਦੇ ਉਤਸ਼ਾਹ ਨੂੰ ਦੇਖਦਿਆਂ ਸਮੇਂ ਸਮੇਂ 'ਤੇ ਹੋਰ ਦਸਤਾਰ ਸਿਖਲਾਈ ਕੈਂਪ ਸਕੂਲ ਵਿੱਚ ਲਗਵਾਏ ਜਾਣਗੇ, ਜਿਸ ਨਾਲ ਵਿਦਿਆਰਥੀ ਦਸਤਾਰ ਨਾਲ ਜੁੜ ਕੇ ਪ੍ਰੇਰਨਾ ਸ੍ਰੋਤ ਹੋਣਗੇ। ਇਸ ਸਮੇਂ ਉਨ੍ਹਾਂ ਨਾਲ ਢਾਡੀ ਤਰਸੇਮ ਸਿੰਘ ਪ੍ਰੀਤ, ਮੇਜਰ ਸਿੰਘ ਸਕੋਹਾਂ, ਹਰਪ੍ਰੀਤ ਸਿੰਘ ਭਵਾਨੀਗੜ੍ਹ, ਅਮਰ ਸਿੰਘ ਡੀ ਪੀ ਈ ਤੇ ਸਮੂਹ ਸਟਾਫ਼ ਹਾਜ਼ਰ ਸੀ।

ਕੁਲਦੀਪ ਗੱਖੜ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਬਣੇ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਆੜ੍ਹਤੀ ਐਸੋਸੀਏਸ਼ਨ ਫ਼ਿਰੋਜ਼ਪੁਰ ਵੱਲੋਂ ਸਰਬਸੰਮਤੀ ਨਾਲ ਪ੍ਰਧਾਨ ਦੀ ਚੋਣ ਕੀਤੀ ਗਈ, ਜਿਸ ਵਿੱਚ ਕੁਲਦੀਪ ਗੱਖੜ ਨੂੰ ਪ੍ਰਧਾਨ ਬਣਾਇਆ ਗਿਆ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਤਿਲਕ ਰਾਜ ਆੜ੍ਹਤੀਆ ਪ੍ਰਧਾਨ ਸਨ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਗੱਖੜ ਨੇ ਕਿਹਾ ਕਿ ਉਹ ਆੜ੍ਹਤੀਆਂ ਦੇ ਹੱਕਾਂ ਲਈ ਆਵਾਜ਼ ਉਠਾਉਣਗੇ ਤੇ ਦਰਪੇਸ਼ ਮੁਸ਼ਕਲਾਂ ਦਾ ਹੱਲ ਕੱਢਣਗੇ।

ਬਹਾਵਲਪੁਰ ਸਮਾਜ ਰਾਜਪੁਰਾ ਵੈੱਲਫੇਅਰ ਸੁਸਾਇਟੀ ਦੀ ਹੋਈ ਮੀਟਿੰਗ

ਰਾਜਪੁਰਾ (ਰਮੇਸ ਕਟਾਰੀਆ)-ਬਹਾਵਲਪੁਰ ਸਮਾਜ ਰਾਜਪੁਰਾ ਵੈਲਫੇਅਰ ਸੋਸਾਇਟੀ ਦੀ ਮੀਟਿੰਗ ਦਾਅਵਤ ਰੈਸਟੋਰੈਂਟ ਵਿੱਚ ਸੁਸਾਇਟੀ ਦੇ ਨਵੇਂ ਬਣੇ ਪ੍ਰਧਾਨ ਯਸ਼ ਚਾਵਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪ੍ਰਧਾਨ ਯਸ਼ ਚਾਵਲਾ ਨੇ ਸਮਾਜ ਦੀ ਭਲਾਈ ਲਈ ਕੰਮ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸਿੱਖਿਆ, ਬਰਾਦਰੀ ਦੇ ਜ਼ਰੂਰਤਮੰਦ ਲੋਕਾਂ ਦੀਆਂ ਵਿਆਹ-ਸਾਦੀਆਂ ਤੇ ਹੋਰ ਭਲਾਈ ਦੇ ਕੰਮਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ 13 ਅਪ੍ਰੈਲ ਨੂੰ ਜੋ ਬਹਾਵਲਪੁਰ ਦਿਹਾੜਾ ਹੁੰਦਾ ਹੈ, ਉਹ ਵੀ ਹਰ ਸਾਲ ਮਨਾਇਆ ਜਾਵੇਗਾ। ਉਨ੍ਹਾ ਕਿਹਾ ਕਿ ਸਾਡੀ ਬਿਰਾਦਰੀ ਦਾ ਜਿਨ੍ਹਾਂ ਸ਼ਖ਼ਸੀਅਤਾਂ ਨੇ ਨਾਂਅ ਰੌਸ਼ਨ ਕੀਤਾ ਹੈ, ਉਨ੍ਹਾਂ ਨੂੰ ਵੀ ਸੁਸਾਇਟੀ ਵੱਲੋਂ ਸਨਮਾਨਤ ਕੀਤਾ ਜਾਵੇਗਾ। ਪ੍ਰਧਾਨ ਯਸ਼ ਚਾਵਲਾ ਨੇ ਕਿਹਾ ਕਿ ਸੰਸਥਾ ਦੁੱਖ-ਸੁੱਖ ਦੀ ਹਰ ਘੜੀ ਵਿੱਚ ਸਮਾਜ ਦੇ ਨਾਲ ਖੜ੍ਹੀ ਹੈ। ਇਸ ਦੌਰਾਨ ਪ੍ਰਧਾਨ ਯਸ਼ ਚਾਵਲਾ ਨੇ ਆਪਣੀ ਕਾਰਜਕਾਰਨੀ ਦਾ ਵਿਸਥਾਰ ਕਰਦਿਆਂ ਮਨੀਸ਼ ਬੱਤਰਾ ਨੂੰ ਚੇਅਰਮੈਨ, ਅਮਿਤ ਆਰੀਆ ਨੂੰ ਵਾਈਸ ਚੇਅਰਮੈਨ, ਵਰੁਣ ਨਾਸਰਾ ਨੂੰ ਸੀਨੀਅਰ ਮੀਤ ਪ੍ਰਧਾਨ, ਕਮਲ ਜੀ ਨੂੰ ਉਪ ਪ੍ਰਧਾਨ, ਅਨਿਲ ਕਟਾਰੀਆ ਨੂੰ ਸਕੱਤਰ, ਰਘੂਨਾਥ ਨੂੰ ਕ

25-April-PAGE-8.qxd 4/24/2023 10:40 PM Page 1

ਪੰਜਾਬ-ਯੂ.ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਸਰਕਾਰ ਦੀ ਵਾਅਦਾਖਿਲਾਫੀ ਵਿਰੁੱਧ ਵਿਸ਼ਾਲ ਝੰਡਾ ਮਾਰਚ

ਆਦਮਪੁਰ/ਭੋਗਪੁਰ, (ਪਰਮਜੀਤ)- ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੀਆਂ ਮੰਗਾਂ ਨੂੰ ਮੁਕੰਮਲ ਤੌਰ 'ਤੇ ਅੱਖੋਂ ਪਰੋਖੇ ਕਰਨ ਖਿਲਾਫ ਪੰਜਾਬ-ਯੂ.ਟੀ. ਮੁਲਾਜਮ ਤੇ ਪੈਨਸ਼ਨਰਜ ਸਾਂਝੇ ਫਰੰਟ ਵੱਲੋਂ ਹਲਕਾ ਆਦਮਪੁਰ ਦੇ ਵੱਖ ਵੱਖ ਪਿੰਡਾਂ ਅਤੇ ਕਸਬਿਆਂ ਅੰਦਰ ਝੰਡਾ ਮਾਰਚ ਕੀਤਾ ਗਿਆ, ਜੋ ਭਾਰੀ ਗਿਣਤੀ 'ਚ ਮੁਲਾਜਮਾਂ ਅਤੇ ਪੈਨਸ਼ਨਰਾਂ ਦੇ ਸੈਂਕੜੇ ਕਾਰਾਂ, ਕੈਂਟਰਾਂ ਅਤੇ ਮੋਟਰਸਾਈਕਲਾਂ ਦੇ ਕਾਫਲਿਆਂ ਸਮੇਤ ਪਿੰਡ ਅਰਜਨਵਾਲ, ਆਦਮਪੁਰ ਸਹਿਰ, ਕੜਿਆਣਾ, ਡੀਗਰੀਆਂ, ਖੋਜਕੀਪੁਰ, ਪੰਡੋਰੀ ਨਿੱਝਰਾਂ, ਬਿਨਪਾਲਕਾ ਅਤੇ ਇੱਟਾਂ ਬੱਧੀ ਸਮੇਤ ਦਰਜਨਾਂ ਪਿੰਡਾਂ 'ਚੋਂ ਹੁੰਦਾ ਹੋਇਆ ਭੋਗਪੁਰ ਕਸਬੇ ਵਿਖੇ ਪਹੁੰਚ ਕੇ ਸਮਾਪਤ ਹੋਇਆ। ਵੱਖ ਵੱਖ ਪਿੰਡਾਂ ਅਤੇ ਕਸਬਿਆਂ ਅੰਦਰ ਕੀਤੇ ਗਏ ਪੜਾਵਾਂ ਦਰਮਿਆਨ ਆਦਮਪੁਰ ਹਲਕੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਕਨਵੀਨਰਾਂ ਸੁਖਦੇਵ ਸਿੰਘ ਸੈਣੀ, ਸਤੀਸ਼ ਰਾਣਾ, ਜਰਮਨਜੀਤ ਸਿੰਘ, ਸੁਰਿੰਦਰਪਾਲ ਸਿੰਘ ਮੋਲੋਵਾਲੀ, ਰਣਜੀਤ ਸਿੰਘ ਰਾਣਵਾਂ, ਬਾਜ ਸਿੰਘ ਖਹਿਰਾ, ਗਗਨਦੀਪ ਬਠਿੰਡਾ, ਕੁਲਵਰਨ ਸਿੰਘ, ਜਸਵੀਰ ਤਲਵਾੜਾ, ਰਾਧੇ ਸ਼ਿਆਮ ਅਤੇ ਗੁਰਮੇਲ ਸਿੰਘ ਮੈਲਡੇ ਅਤੇ ਬੋਬਿੰਦਰ ਸਿੰਘ ਨੇ ਆਖਿਆ ਕਿ ਪੰਜਾਬ ਸਰਕਾਰ ਮਾਣ-ਭੱਤਾ ਵਰਕਰਾਂ ਉੱਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਕੱਚੇ ਮੁਲਾਜਮਾਂ ਨੂੰ ਪੱਕੇ ਕਰਨ, ਛੇਵੇਂ ਤਨਖਾਹ ਕਮਿਸ਼ਨ ਤਹਿਤ ਪੈਨਸ਼ਨਰਾਂ ਉੱਤੇ 2.59 ਦਾ ਗੁਣਾਂਕ ਨਾਲ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ। ਜਿਸ ਕਾਰਨ ਸਾਂਝੇ ਫਰੰਟ ਵੱਲੋਂ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਵੱਖ ਵੱਖ ਹਲਕਿਆਂ ਵਿਖੇ ਝੰਡਾ ਮਾਰਚ ਕਰਕੇ ਸਰਕਾਰ ਦੀ ਪੋਲ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਸੀ। ਜਿਸ ਅਨੁਸਾਰ ਆਦਮਪੁਰ ਹਲਕੇ 'ਚ ਕੀਤੇ ਗਏ ਪਹਿਲੇ ਝੰਡਾ ਮਾਰਚ ਨੂੰ ਪੰਜਾਬ ਦੇ ਮੁਲਾਜਮਾਂ, ਪੈਨਸ਼ਨਰਾਂ ਅਤੇ ਆਮ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ। ਇਸ ਮੌਕੇ ਵੱਖ ਵੱਖ ਪੜਾਵਾਂ 'ਤੇ ਸੰਬੋਧਨ ਕਰਦਿਆਂ ਰਣਬੀਰ ਸਿੰਘ ਉੱਪਲ, ਤੀਰਥ ਸਿੰਘ ਬਾਸੀ, ਹਰਿੰਦਰ ਦੁਸਾਂਝ, ਸੁਖਵਿੰਦਰ ਸਿੰਘ ਚਾਹਲ, ਗੁਰਦੀਪ ਸਿੰਘ ਮੱਲ੍ਹੀ, ਸੁਰਿੰਦਰ ਪੁਆਰੀ, ਧਨਵੰਤ ਸਿੰਘ ਭੱਠਲ, ਐਨ.ਡੀ. ਤਿਵਾੜੀ, ਅਮਰੀਕ ਸਿੰਘ ਕੰਗ, ਪਿਆਰਾ ਸਿੰਘ, ਵਰਿੰਦਰ ਸਿੰਘ ਵਿੱਕੀ, ਅਮਰੀਕ ਸਿੰਘ, ਅਵਤਾਰ ਸਿੰਘ ਗੱਗੜ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਆਦਿ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਨਾ ਤਾਂ ਕਿਸੇ ਵੀ ਕੱਚੇ ਮੁਲਾਜਮ ਨੂੰ ਪੱਕਾ ਕੀਤਾ ਗਿਆ ਹੈ ਅਤੇ ਨਾ ਹੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਗਈ ਹੈ, ਜਦਕਿ ਹਰ ਰੋਜ ਇਹਨਾਂ ਫੈਸਲਿਆਂ ਦੀ ਇਸ਼ਤਿਹਾਰਬਾਜੀ 'ਤੇ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ। ਉਹਨਾ ਨੇ ਕਿਹਾ ਕਿ ਜਲ ਸਰੋਤ ਵਿਭਾਗ ਅੰਦਰ ਬੇਲਦਾਰਾਂ ਸਮੇਤ ਦਰਜਾ ਚਾਰ ਦੀਆਂ 10 ਹਜ਼ਾਰ ਤੋਂ ਵਧੇਰੇ ਪੋਸਟਾਂ ਖਤਮ ਕਰ ਦਿੱਤੀਆਂ ਗਈਆਂ ਹਨ। ਆਗੂਆਂ ਨੇ ਆਖਿਆ ਕਿ ਜੇਕਰ ਪੰਜਾਬ ਸਰਕਾਰ ਨੇ ਸਾਂਝੇ ਫਰੰਟ ਦੀਆਂ ਮੰਗਾਂ ਪ੍ਰਤੀ ਕੋਈ ਗੰਭੀਰਤਾ ਨਾ ਦਿਖਾਈ ਤਾਂ 30 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਨਕੋਦਰ ਵਿਖੇ ਦੂਸਰਾ ਵਿਸਾਲ ਝੰਡਾ ਮਾਰਚ ਕੀਤਾ ਜਾਵੇਗਾ। ਇਸ ਮੌਕੇ ਮੁਕੇਸ ਗੁਜਰਾਤੀ, ਸੁਭਾਸ ਮੱਟੂ, ਮੱਖਣ ਵਾਹਿਦਪੁਰੀ, ਕੁਲਬੀਰ ਮੋਗਾ, ਸੀਸ਼ਨ ਕੁਮਾਰ, ਹਰਪ੍ਰੀਤ ਸਿੰਘ ਖਟੜਾ, ਬਲਬੀਰ ਸਿੰਘ ਸੈਣੀ, ਰੁਪਿੰਦਰ ਸਿੰਘ, ਠੋਹਰੂ ਰਾਮ, ਪੁਸਪਿੰਦਰ ਵਿਰਦੀ, ਪ੍ਰਮੋਦ ਗਿੱਲ, ਗੁਰਿੰਦਰ ਸਿੰਘ ਆਦਮਪੁਰ, ਤਰਸੇਮ ਮਾਧੋਪੁਰੀ, ਮਨਦੀਪ ਕੌਰ ਬਿਲਗਾ ਅਤੇ ਜਸਬੀਰ ਸਿੰਘ ਧਾਮ ਆਦਿ ਵੀ ਹਾਜ਼ਰ ਸਨ।

ਪ੍ਰਿੰਸੀਪਲ ਇੰਦਰਜੀਤ ਕੌਰ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋੜਾ ਦਾ ਚਾਰਜ ਸੰਭਾਲਿਆ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)- ਸਰਕਾਰੀ ਸੈਕੰਡਰੀ ਸਕੂਲ ਮਾਹਿਲਪੁਰ ਦੀ ਉੱਘੀ ਲੈਕਚਰਾਰ ਇੰਦਰਜੀਤ ਕੌਰ ਨੇ ਪ੍ਰਮੋਸ਼ਨ ਤੋਂ ਬਾਅਦ ਸਰਕਾਰੀ ਸੀਨੀਅਰ ਸੈਕੈਡਰੀ ਸਕੂਲ ਬੋੜਾ ਵਿਖੇ ਪ੍ਰਿੰਸੀਪਲ ਦਾ ਅਹੁੱਦਾ ਸੰਭਾਲਿਆ। ਇਸ ਮੌਕੇ ਉਨ੍ਹਾਂ ਨਾਲ ਪ੍ਰਿੰਸੀਪਲ ਧਰਮਿੰਦਰ ਸ਼ਰਮਾ, ਰੇਣੂਕਾ ਬਾਲੀ, ਨੀਤੂ ਰਾਣੀ, ਰਵਪ੍ਰੀਤ, ਅਮਰਜੀਤ ਸਿੰਘ, ਹਰਜਿੰਦਰ ਸਿੰਘ, ਪਰਮਿੰਦਰ ਸਿੰਘ, ਮਨੀਸ ਕੁਮਾਰ ਸਟਾਫ ਮੈਂਬਰ ਹਾਜ਼ਰ ਹੋਏ। ਉਹਨਾਂ ਸਭ ਨੇ ਪ੍ਰਿੰਸੀਪਲ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ। ਸਕੂਲ ਦੇ ਲੈਕਚਰਾਰ ਮਨਜੀਤ ਸਿੰਘ, ਅਰਵਿੰਦਰਪਾਲ ਕੌਰ, ਇੰਦਰਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਦੀ ਯੋਗ ਅਗਵਾਈ ਹੇਠ ਸਕੂਲ ਹੋਰ ਤਰੱਕੀ ਕਰੇਗਾ। ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਸਟਾਫ ਦੇ ਸਹਿਯੋਗ ਨਾਲ ਨਿਰਧਾਰਤ ਟੀਚੇ ਪ੍ਰਾਪਤ ਕੀਤੇ ਜਾਣਗੇ। ਸਾਰਾ ਸਟਾਫ ਬਹੁਤ ਮਿਹਨਤੀ ਹੈ ਜਿਸ ਕਰਕੇ ਸਕੂਲ ਦੀਆਂ ਪ੍ਰਾਪਤੀਆਂ ਪਹਿਲਾਂ ਹੀ ਸਾਨਦਾਰ ਹਨ। ਉਹਨਾਂ ਅੱਗੇ ਕਿਹਾ ਕਿ ਵਿਭਾਗੀ ਹਦਾਇਤਾਂ ਅਨੁਸਾਰ ਸਕੂਲ ਨੂੰ ਹੋਰ ਬੁਲੰਦੀਆਂ ਤੇ ਲਿਜਾਉਣਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਪਤੀ ਡਾਕਟਰ ਜਸਵੰਤ ਸਿੰਘ ਬਿੰਦ ਮਾਹਿਰ ਡਾਕਟਰ ਅਤੇ ਮਾਹਿਲਪੁਰ ਹਸਪਤਾਲ ਵਿਚ ਐਸ. ਐਮ. ਓ. ਹਨ। ਪ੍ਰਿੰਸੀਪਲ ਇੰਦਰਜੀਤ ਕੌਰ ਨੂੰ ਇਸ ਮੌਕੇ ਵਧਾਈਆਂ ਦੇਣ ਵਾਲਿਆਂ ਵਿਚ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ, ਡਾ. ਧਰਮਪਾਲ ਸਾਹਿਲ, ਡਾਕਟਰ ਬਲਬੀਰ ਕੌਰ ਰੀਹਲ, ਅਸੋਕ ਪੁਰੀ, ਬਲਵੀਰ ਸਿੰਘ ਅਤੇ ਕਰਨੈਲ ਸਿੰਘ ਆਦਿ ਸਾਮਲ ਸਨ। ਪ੍ਰਿੰਸੀਪਲ ਦੇ ਸੁਵਾਗਤ ਲਈ ਸਾਰਾ ਸਟਾਫ ਹਾਜਰ ਹੋਇਆ।

ਵਰਲਡ ਕੈਂਸਰ ਕੇਅਰ ਵੱਲੋਂ ਲਗਾਇਆ ਮੁਫ਼ਤ ਕੈਂਸਰ ਕੇਅਰ ਕੈਂਪ

ਭਲਾਣ (ਢਿੱਲੋਂ) ਗਲੋਬਲ ਪੰਜਾਬੀ ਐਸੋਸੀਏਸ਼ਨ ਦੀ ਸੰਸਥਾ ਵਰਲਡ ਕੈਂਸਰ ਕੇਅਰ ਵੱਲੋਂ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਰੂਪਨਗਰ ਅਤੇ ਇਲਾਕੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਪਹਿਲਾਂ ਇਨਸਾਨੀਅਤ ਦੇ ਸਹਿਯੋਗ ਨਾਲ ਮੁਫ਼ਤ ਕੈਂਸਰ ਅਤੇ ਅੱਖਾਂ ਦਾ ਮੈਗਾ ਜਾਂਚ ਕੈਂਪ ਲਗਾਇਆ ਗਿਆ। ਕੈਂਪ ਦਾ ਰਸਮੀ ਉਦਘਾਟਨ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਕੌਮੀ ਚੇਅਰਮੈਨ, ਭਾਜਪਾ ਦੀ ਕੇਂਦਰੀ ਚੋਣ ਕਮੇਟੀ ਅਤੇ ਕੇਂਦਰੀ ਸੰਸਦੀ ਬੋਰਡ ਦੇ ਮੈਂਬਰ ਤੇ ਸੰਸਥਾ ਦੇ ਸਰਪ੍ਰਸਤ ਇਕਬਾਲ ਸਿੰਘ ਲਾਲਪੁਰਾ ਵਲੋਂ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਭਾਜਪਾ ਪ੍ਰਧਾਨ ਅਤੇ ਵਰਲਡ ਕੈਂਸਰ ਕੇਅਰ ਦੇ ਡਾਇਰੈਕਟਰ ਡਾ. ਅਜੈਵੀਰ ਸਿੰਘ ਲਾਲਪੁਰਾ ਵਲੋਂ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਡਾ. ਅਜੈਵੀਰ ਸਿੰਘ ਲਾਲਪੁਰਾ ਨੇ ਸਭ ਤੋਂ ਪਹਿਲਾਂ ਵਰਡ ਕੈਂਸਰ ਕੇਅਰ ਸੰਸਥਾ ਦੇ ਪ੍ਰਧਾਨ ਡਾ. ਕੁਲਵੰਤ ਸਿੰਘ ਧਾਲੀਵਾਲ ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਸਮੁੱਚੀ ਟੀਮ ਵਲੋਂ ਇਸ ਇਲਾਕੇ ਵਿਚ ਮੈਗਾ ਕੈਂਪ ਦਾ ਆਯੋਜਨ ਕਰਨ ਵਿਚ ਸਹਿਯੋਗ ਕੀਤਾ ਗਿਆ। ਉਨ੍ਹਾਂ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਸਾਡਾ ਇਲਾਕਾ ਜਿੱਥੇ ਵਾਤਾਵਰਣ ਨਾਲ ਜੁੜੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਉੱਥੇ ਪਿਛਲੇ ਕੁਝ ਸਮੇਂ ਤੋਂ ਇਲਾਕੇ ਵਿਚ ਕੈਂਸਰ ਨੇ ਦਸਤਕ ਦਿੱਤੀ ਹੈ ਅਤੇ ਸਭ ਤੋਂ ਵੱਡੀ ਨਮੋਸ਼ੀ ਦੀ ਗੱਲ ਇਹ ਹੈ ਕਿ ਨੰਗਲ ਵਿਖੇ ਕਰੋੜਾਂ ਦੀਆਂ ਇਮਾਰਤਾਂ ਤਾਂ ਖੜੀਆਂ ਹਨ ਪਰ ਸਿਹਤ ਸਹੂਲਤਾਂ ਨਾਮਾਤਰ ਹਨ, ਜਿਸ ਕਰਕੇ ਇਹ ਇਮਾਰਤਾ ਸਿਰਫ ਚਿੱਟਾ ਹਾਥੀ ਸਾਬਤ ਹੋ ਰਹੀਆਂ ਹਨ ਤੇ ਲੋਕ ਪੀ ਜੀ ਆਈ ਧੱਕੇ ਖਾਣ ਲਈ ਮਜ਼ਬੂਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਭਵਿੱਖ ਵਿਚ ਵੀ ਲਗਾਏ ਜਾਣਗੇ ਅਤੇ ਇਲਾਕਾ ਵਾਸੀ ਇਸ ਦਾ ਭਰਪੂਰ ਲਾਭ ਉਠਾਉਣ। ਇਸ ਕੈਂਪ ਵਿਚ ਡਾ. ਧਰਮਿੰਦਰ ਢਿੱਲੋਂ, ਡਾਕਟਰ ਵਿਪਨ, ਡਾ. ਗੁਲਸ਼ਨ, ਡਾ. ਸੰਗਮਿੱਤਰਾ ਦੀ ਟੀਮ ਵਲੋਂ 430 ਲੋਕਾਂ ਦੀ ਕੈਂਸਰ ਅਤੇ 200 ਲੋਕਾਂ ਦੀ ਅੱਖਾਂ, ਕੁੱਲ 630 ਲੋਕਾਂ ਦੀ ਜਾਂਚ ਕੀਤੀ ਗਈ। ਇਸ ਕੈਂਪ ਨੂੰ ਸਫਲ ਬਣਾਉਣ ਲਈ ਸਮਾਜ ਸੇਵੀ ਸੰਸਥਾ 'ਇਨਸਾਨੀਅਤ ਪਹਿਲਾਂ' ਵਲੋਂ ਵਿਸ਼ੇਸ਼ ਸਹਿਯੋਗ ਕੀਤਾ ਗਿਆ ਸੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ . ਪਰਮਿੰਦਰ ਸ਼ਰਮਾ, ਚੰਦਰ ਬਜਾਜ, ਮੰਡਲ ਪ੍ਰਧਾਨ ਠੇਕੇਦਾਰ ਹਰਮਨਜੀਤ ਸਿੰਘ ਪ੍ਰਿੰਸ, ਰਾਜੇਸ਼ ਚੌਧਰੀ, ਮੈਡਮ ਅਲਕਾ ਐਰੀ, ਰੇਖਾ ਰਾਣੀ, ਐਡਵੋਕੇਟ ਨਿਪੁੰਨ ਸੋਨੀ, ਰਘੂ ਕੁਲਭੂਸ਼ਨ ਬੰਟੀ ਬਾਸੋਵਾਲ, ਪਵਨ ਜਗੋਤਾ, ਡਾ. ਰੋਹਿਤ ਸੰਦਲ, ਨਰੇਸ਼ ਚਾਵਲਾ, ਕਮਲ ਘਈ, ਵਿਜੈ ਕੁਮਾਰ ਬਿੱਟਾ, ਬਾਬੂ ਅਨਿਲ ਸ਼ਰਮਾ, ਸੌਰਭ ਸ਼ਰਮਾ, ਭੁਪਿੰਦਰ ਸੈਣੀ, ਤੁਲਸੀ ਰਾਮ ਮੱਟੂ, ਕੌਂਸਲਰ ਰਣਜੀਤ ਲੱਕੀ, ਰਜਿੰਦਰ ਹੰਸ, ਵਿਸ਼ਵਾਨਾਥ ਮੱਟੂ, ਦਵਿੰਦਰ ਗਾਂਧੀ, ਦਿਨੇਸ਼ ਜੋਸ਼ੀ, ਭੁਪਿੰਦਰ ਸਿੰਘ ਭਿੰਦਾ, ਕੰਵਰ ਪੋਸਵਾਲ, ਸੁਸ਼ੀਲ ਚੋਪੜਾ ਆਦਿ ਹਾਜ਼ਰ ਸਨ।

ਜਲੰਧਰ ਰੀਟੇਲ ਕੈਮਿਸਟ ਐਸੋਸੀਏਸ਼ਨ ਵੱਲੋਂ 'ਆਪ' ਨੂੰ ਸਮਰਥਨ ਦੇਣ ਦਾ ਐਲਾਨ

ਜਲੰਧਰ (ਸ਼ੈਲੀ ਐਲਬਰਟ)- ਆਮ ਆਦਮੀ ਪਾਰਟੀ ਦੀ ਨੀਤੀਆ ਤੋਂ ਪ੍ਰਭਾਵਿਤ ਹੋ ਕੇ ਵੱਖ ਵੱਖ ਵਪਾਰਿਕ ਜਥੇਬੰਦੀਆਂ ਵੱਲੋਂ ਆਮ ਆਦਮੀ ਪਾਰਟੀ ਨੂੰ ਸਮਰਥਨ ਦਿੱਤੇ ਜਾਣ ਦਾ ਸਿਲਸਿਲਾ ਜਾਰੀ ਹੈ। ਜਲੰਧਰ ਜ਼ਿਮਨੀ ਚੋਣ ਲਈ ਜਲੰਧਰ ਸਥਿਤ 'ਆਪ' ਪਾਰਟੀ ਦਫ਼ਤਰ ਵਿਖੇ ਜਲੰਧਰ ਰੀਟੇਲ ਕੈਮਿਸਟ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ 'ਆਪ' ਪੰਜਾਬ ਸਟੇਟ ਸਕੱਤਰ ਰਾਜਵਿੰਦਰ ਕੌਰ ਥਿਆੜਾ ਨਾਲ ਮੁਲਾਕਾਤ ਕੀਤੀ ਅਤੇ ਜਲੰਧਰ ਜ਼ਿਮਨੀ ਚੋਣ ਲਈ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਆਪਣੀ ਜਥੇਬੰਦੀ ਵਲੋਂ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਮੌਕੇ ਜਲੰਧਰ ਰੀਟੇਲ ਕੈਮਿਸਟ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿਉ ਉਹ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀਆਂ ਵਪਾਰੀਆਂ ਪ੍ਰਤੀ ਕੀਤੇ ਵਾਅਦੇ ਅਨੁਸਾਰ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਅਤੇ ਪੰਜਾਬ ਦੀ ਮਾਨ ਸਰਕਾਰ ਦੀ ਕਾਰਗੁਜਾਰੀ ਤੋਂ ਪ੍ਰਭਾਵਿਤ ਹਨ। ਜਲੰਧਰ ਰੀਟੇਲ ਕੈਮਿਸਟ ਐਸੋਸੀਏਸ਼ਨ ਦੇ ਚੇਅਰਮੈਨ ਤਜਿੰਦਰਪਾਲ ਸਿੰਘ, ਪ੍ਰਧਾਨ ਸੰਜੇ ਸਹਿਗਲ, ਜਨਰਲ ਸਕੱਤਰ ਜੇਐਸ ਚਾਵਲਾ ਸਮੇਤ ਹਰਪ੍ਰੀਤ ਸੋਂਧੀ, ਮਨੋਜ ਕਾਲਰਾ, ਦਿਨੇਸ਼ ਕਪੂਰ, ਸੁਨੀਲ ਕੱਕੜ, ਮੋਹਿਤ ਅਤੇ ਹੋਰ ਮੈਂਬਰਾਂ ਨੇ 'ਆਪ' ਪੰਜਾਬ ਦੀ ਸਟੇਟ ਸਕੱਤਰ ਰਾਜਵਿੰਦਰ ਕੌਰ ਥਿਆੜਾ ਨੂੰ ਭਰੋਸਾ ਦਿੱਤਾ ਕਿ 'ਆਪ' ਵਲੋਂ ਸੂਬੇ ਵਿੱਚ ਸ਼ੁਰੂ ਕੀਤੇ ਗਏ ਮੁਹੱਲਾ ਕਲੀਨਿਕ, 600 ਯੂਨਿਟ ਮੁਫ਼ਤ ਬਿਜਲੀ ਅਤੇ 'ਆਪ' ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋਕੇ ਜਲੰਧਰ ਜ਼ਿਮਨੀ ਚੋਣ ਲਈ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਆਪਣਾ ਪੂਰਾ ਸਮਰਥਨ ਦੇ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਵਿੱਚ ਉਹ 'ਆਪ' ਨੂੰ ਹਰ ਤਰ੍ਹਾਂ ਦਾ ਸਮਰਥਨ ਦੇਣਗੇ ਅਤੇ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਵੱਡੇ ਫਰਕ ਨਾਲ ਜੇਤੂ ਬਣਾਉਣਗੇ। 'ਆਪ' ਪੰਜਾਬ ਸਟੇਟ ਸਕੱਤਰ ਰਾਜਵਿੰਦਰ ਕੌਰ ਥਿਆੜਾ ਨੇ ਜਲੰਧਰ ਰੀਟੇਲ ਕੈਮਿਸਟ ਐਸੋਸੀਏਸ਼ਨ ਦਾ 'ਆਪ' ਨੂੰ ਸਮਰਥਨ ਦੇਣ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ 'ਆਪ' ਸਰਕਾਰ ਸੂਬੇ ਦੇ ਵਪਾਰੀਆਂ ਸਮੇਤ ਹਰ ਵਰਗ ਦੀ ਭਲਾਈ ਲਈ ਹਮੇਸ਼ ਕੰਮ ਕਰਦੀ ਰਹੇਗੀ। ਇਸ ਮੌਕੇ 'ਆਪ' ਆਗੂ ਅਮ੍ਰਿਤਪਾਲ ਸਿੰਘ ਅਤੇ ਸੰਜੀਵ ਭਗਤ ਵੀ ਮੌਜੂਦ ਸਨ।

ਜਲੰਧਰ ਜ਼ਿਮਨੀ ਚੋਣ ਲਈ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਜਲੰਧਰ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਵੱਖ ਵੱਖ ਹਲਕਿਆਂ ਵਿਖੇ ਝੰਡਾ ਮਾਰਚ ਕਰਕੇ ਸਰਕਾਰ ਦੀ ਪੋਲ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਸੀ। ਜਿਸ ਅਨੁਸਾਰ ਆਦਮਪੁਰ ਹਲਕੇ 'ਚ ਕੀਤੇ ਗਏ ਪਹਿਲੇ ਝੰਡਾ ਮਾਰਚ ਨੂੰ ਪੰਜਾਬ ਦੇ ਮੁਲਾਜਮਾਂ, ਪੈਨਸ਼ਨਰਾਂ ਅਤੇ ਆਮ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ। ਇਸ ਮੌਕੇ ਵੱਖ ਵੱਖ ਪੜਾਵਾਂ 'ਤੇ ਸੰਬੋਧਨ ਕਰਦਿਆਂ ਰਣਬੀਰ ਸਿੰਘ ਉੱਪਲ, ਤੀਰਥ ਸਿੰਘ ਬਾਸੀ, ਹਰਿੰਦਰ ਦੁਸਾਂਝ, ਸੁਖਵਿੰਦਰ ਸਿੰਘ ਚਾਹਲ, ਗੁਰਦੀਪ ਸਿੰਘ ਮੱਲ੍ਹੀ, ਸੁਰਿੰਦਰ ਪੁਆਰੀ, ਧਨਵੰਤ ਸਿੰਘ ਭੱਠਲ, ਐਨ.ਡੀ. ਤਿਵਾੜੀ, ਅਮਰੀਕ ਸਿੰਘ ਕੰਗ, ਪਿਆਰਾ ਸਿੰਘ, ਵਰਿੰਦਰ ਸਿੰਘ ਵਿੱਕੀ, ਅਮਰੀਕ ਸਿੰਘ, ਅਵਤਾਰ ਸਿੰਘ ਗੱਗੜ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਆਦਿ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਨਾ ਤਾਂ ਕਿਸੇ ਵੀ ਕੱਚੇ ਮੁਲਾਜਮ ਨੂੰ ਪੱਕਾ ਕੀਤਾ ਗਿਆ ਹੈ ਅਤੇ ਨਾ ਹੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਗਈ ਹੈ, ਜਦਕਿ ਹਰ ਰੋਜ ਇਹਨਾਂ ਫੈਸਲਿਆਂ ਦੀ ਇਸ਼ਤਿਹਾਰਬਾਜੀ 'ਤੇ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ। ਉਹਨਾ ਨੇ ਕਿਹਾ

25-April-PAGE-9.qxd 4/24/2023 10:39 PM Page 1

3.5 ਲੱਖ ਕਿਸਾਨਾਂ ਨੂੰ 11,000 ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ : ਕਟਾਰੂ ਚੱਕ

ਚੰਡੀਗੜ੍ਹ, (ਗੁਰਜੀਤ ਬਿੱਲਾ) ਕਣਕ ਦੀ ਖਰੀਦ ਪ੍ਰਕਿਰਿਆ ਵਿੱਚ ਪੂਰੀ ਪਾਰਦਰਸ਼ਿਤਾ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸਾ ਨਿਰਦੇਸਾਂ 'ਤੇ ਕਾਰਵਾਈ ਕਰਦਿਆਂ ਸੂਬੇ ਵਿੱਚ ਚੱਲ ਰਹੇ ਕਣਕ ਦੇ ਖਰੀਦ ਸੀਜਨ ਦੌਰਾਨ ਵਹੀਕਲ ਟ੍ਰੈਕਿੰਗ ਸਿਸਟਮ (ਵੀ.ਟੀ.ਐਸ.) ਲਾਗੂ ਕੀਤਾ ਗਿਆ ਹੈ। ਹੁਣ ਤੱਕ, 26,250 ਟਰਾਂਸਪੋਰਟ ਵਾਹਨਾਂ 'ਚ ਜੀ ਪੀ ਐਸ ਯੰਤਰ ਲਗਾਏ ਗਏ ਹਨ ਜੋ ਮੰਡੀ ਤੋਂ ਗੋਦਾਮਾਂ ਤੱਕ ਵਾਹਨਾਂ ਦੀ ਆਵਾਜਾਈ ਨੂੰ ਟਰੈਕ ਕਰਨ 'ਚ ਮਦਦ ਕਰਦੇ ਹਨ।

ਵੀ ਟੀ ਐਸ ਰਾਹੀਂ 95,421 ਤੋਂ ਵੱਧ ਆਨਲਾਈਨ ਗੇਟ ਪਾਸ ਜਾਰੀ ਕੀਤੇ ਗਏ ਹਨ ਅਤੇ ਮੈਨੂਅਲ ਪਾਸਾਂ ਨੂੰ ਜਾਰੀ ਕਰਨਾ ਬੰਦ ਕਰ ਦਿੱਤਾ ਗਿਆ ਹੈ। ਇਨ੍ਹਾਂ ਵੇਰਵਿਆਂ ਨੂੰ ਸਾਂਝਾ ਕਰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਪੰਜਾਬ 'ਚ ਅਨਾਜ ਦੀ ਖਰੀਦ ਸੰਬੰਧੀ ਕਾਰਜਾਂ ਲਈ ਵੀ ਟੀ ਐਸ ਨੂੰ ਲਾਗੂ ਕੀਤਾ ਗਿਆ ਹੈ। ਇਸ ਨਾਲ ਵਿਭਾਗ ਨੂੰ ਟਰੱਕਾਂ ਦੀ ਆਵਾਜਾਈ 'ਤੇ ਨਜਰ ਰੱਖਣ 'ਚ ਮਦਦ ਮਿਲ ਰਹੀ ਹੈ ਤਾਂ ਜੋ ਕਣਕ ਸੰਬੰਧੀ ਘਪਲੇਬਾਜ਼ੀ, ਗੀਸਾਈਕਲਿੰਗ ਅਤੇ ਦੂਜੇ ਸੂਬਿਆਂ ਤੋਂ ਨਾਜਾਇਜ਼ ਤੌਰ ਉੱਤੇ ਕਣਕ ਲਿਆਉਣ ਦੀ ਕਿਸੇ ਵੀ ਸੰਭਾਵਿਤ ਕੋਸ਼ਿਸ਼ ਨੂੰ ਤੁਰੰਤ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਇਹ ਵਾਹਨਾਂ ਦੀ ਸਰਵੋਤਮ ਵਰਤੋਂ ਵਿੱਚ ਮਦਦ ਕਰਦਾ ਹੈ ਕਿਉਂਕਿ ਇਹ ਅਧਿਕਾਰੀਆਂ ਨੂੰ ਟਰੱਕਾਂ ਦੀ ਲੋਡਿੰਗ ਅਤੇ ਅਨਲੋਡਿੰਗ ਦੀ ਨਿਗਰਾਨੀ ਕਰਨ ਵਿੱਚ ਮਦਦ ਕਰਦਾ ਹੈ। ਮੰਤਰੀ ਨੇ ਅੱਗੇ ਕਿਹਾ ਕਿ ਇਹ ਪ੍ਰਣਾਲੀ ਜਾਅਲੀ ਖਰੀਦ ਨੂੰ ਖਤਮ ਕਰਨ ਵਿੱਚ ਮਦਦ ਕਰੇਗੀ ਅਤੇ ਆਉਣ ਵਾਲੇ ਝੋਨੇ ਦੇ ਸੀਜਨ ਵਿੱਚ ਦੂਜੇ ਰਾਜਾਂ ਤੋਂ ਝੋਨੇ ਦੀ ਗੀਸਾਈਕਲਿੰਗ ਨੂੰ ਰੋਕਣ ਲਈ ਵੀ ਬਹੁਤ ਲਾਹੇਵੰਦ ਹੋਵੇਗੀ।

ਮੰਡੀਆਂ 'ਚ ਕਣਕ ਦੀ ਖਰੀਦ 'ਤੇ ਟਿੱਪਣੀ ਕਰਦਿਆਂ ਮੰਤਰੀ ਨੇ ਕਿਹਾ ਕਿ ਸੂਬੇ 'ਚ ਪਿਛਲੇ ਇਕ ਹਫਤੇ ਤੋਂ ਸਭ ਤੋਂ ਵੱਧ ਆਮਦ ਦੇਖਣ ਨੂੰ ਮਿਲ ਰਹੀ ਹੈ ਅਤੇ ਲਗਭਗ 10 ਦਿਨਾਂ ਦੇ ਬਹੁਤ ਘੱਟ ਸਮੇਂ 'ਚ 60 ਫੀਸਦੀ ਤੋਂ ਵੱਧ ਕਣਕ ਮੰਡੀਆਂ 'ਚ ਆ ਚੁੱਕੀ ਹੈ। ਉਨ੍ਹਾਂ ਨੇ ਖੁਲਾਸਾ ਕੀਤਾ ਕਿ ਸ਼ਨੀਵਾਰ ਸ਼ਾਮ ਤੱਕ ਲਗਭਗ 3.54 ਲੱਖ ਕਿਸਾਨਾਂ ਦੇ ਖਾਤਿਆਂ 'ਚ 11,000 ਕਰੋੜ ਰੁਪਏ ਤੋਂ ਵੱਧ ਦੀ ਰਕਮ ਜਮ੍ਹਾਂ ਕੀਤੀ ਗਈ ਹੈ।

ਪੈਨਸ਼ਨਰਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਕੀਤੀ ਵਿਚਾਰ-ਚਰਚਾ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾ ਪੁਰੀਆ) ਪੰਜਾਬ ਪੈਨਸ਼ਨਰਜ ਯੂਨੀਅਨ ਨਵਾਂਸ਼ਹਿਰ (47/16) ਦੀ ਮੀਟਿੰਗ ਦਲਜੀਤ ਸਿੰਘ ਸੁੱਜੋਂ ਦੀ ਪ੍ਰਧਾਨਗੀ ਹੇਠ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਕੀਤੀ ਗਈ। ਇਸ ਮੀਟਿੰਗ ਦੀ ਸ਼ੁਰੂਆਤ ਜੇ ਕੇ ਵਿੱਚ ਅੱਤਵਾਦੀਆਂ ਹਥੋਂ ਸ਼ਹੀਦ ਕੀਤੇ ਗਏ ਜਵਾਨਾਂ ਅਤੇ ਪਰਮਜੀਤ ਸਿੰਘ ਪੰਮੀ ਦੇ ਵਿਛੋੜੇ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਨਾਲ ਕੀਤੀ ਗਈ। ਇਸ ਤੋਂ ਬਾਅਦ ਮੀਟਿੰਗ ਵਿੱਚ ਪੈਨਸ਼ਨਰਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਵਿਚਾਰ ਚਰਚਾ ਕੀਤੀ ਗਈ।

ਇਸ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਮੁਕੰਦ ਲਾਲ, ਜਗਤਾਰ ਸਿੰਘ, ਪ੍ਰੇਮ ਕੁਮਾਰ ਖਜਾਨਚੀ, ਦਰਸ਼ਨ ਸਿੰਘ ਨੰਗਲਾ, ਬਲਵੀਰ ਸਿੰਘ ਮਹਿਤ ਪੁਰ, ਸੁਰਜੀਤ ਸਿੰਘ ਮਾਣਕ ,ਅਮਰੀਕ ਸਿੰਘ ਇੰਸਪੈਕਟਰ ਨੇ ਭਾਗ ਲਿਆ। ਕਾਮਰੇਡ ਮੁਕੰਦ ਲਾਲ ਨੇ ਦੱਸਿਆ ਕਿ ਰਵਾਇਤੀ ਪਾਰਟੀਆਂ ਤੋਂ ਤੰਗ ਆ ਕੇ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿਚ ਲਿਆਂਦੀ ਸੀ ਪਰ ਹੁਣ ਲਗਦਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕੁੱਝ ਭ੍ਰਿਸ਼ਟ ਅਫਸਰ ਲੋਕਾਂ ਦੇ ਮਸਲੇ ਸੁਲਝਾਉਣ ਦੀ ਗੁੰਮਰਾਹ ਕਰਕੇ ਉਲਝਾਉਣ ਵਿੱਚ ਲੱਗੇ ਹੋਏ ਹਨ। ਮਾਨ ਨੂੰ ਇਨ੍ਹਾਂ ਤੋਂ ਬਚਣ ਦੀ ਲੋੜ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਮਾਨ ਦੇ ਦ੍ਰਿੜ ਇਰਾਦੇ ਕਾਰਨ ਤਿੰਨ ਸੌ ਤੋਂ ਵੱਧ ਭ੍ਰਿਸ਼ਟ ਲੋਕਾਂ ਨੂੰ ਜੇਲ੍ਹੀ ਡੱਕਿਆ ਗਿਆ ਹੈ। ਫਿਰ ਵੀ ਬਹੁਤੇ ਭ੍ਰਿਸ਼ਟ ਅਫਸਰ ਤੇ ਮੁਲਾਜਮਾਂ ਦਾ ਗੱਠਜੋੜ ਰਿਸ਼ਵਤ ਲੈਣ ਨੂੰ ਆਪਣਾ ਅਧਿਕਾਰ ਸਮਝਦਾ ਹੈ। ਇਸ ਦੀ ਇੱਕ ਮਿਸਾਲ ਪੰਜਾਬ ਰੋਡਵੇਜ ਰੋਪੜ ਤੋਂ ਸੁਣਨ ਵਿੱਚ ਆ ਰਹੀ ਹੈ ਕਿ ਉਥੇ ਇੱਕ ਮੁਲਾਜਮ ਨੇ ਤਰਸ ਅਧਾਰ 'ਤੇ ਨੌਕਰੀ ਦਿਵਾਉਣ ਲਈ ਢਾਈ ਲੱਖ ਰੁਪਏ ਰਿਸ਼ਵਤ ਲਈ ਹੈ। ਪੀੜਤ ਵਲੋਂ ਹਲਵੀਆ ਬਿਆਨ ਵੀ ਇਸ ਸਬੰਧੀ ਦਿੱਤਾ ਹੈ ਪਰ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਭ੍ਰਿਸ਼ਟ ਕਰਮਚਾਰੀ ਖਿਲਾਫ ਮਿਸਾਲੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਮੰਗ ਕੀਤੀ ਪੈਨਸ਼ਨਰਾਂ ਦੀਆਂ ਮੰਗਾਂ ਮੰਨ ਕੇ ਉਨ੍ਹਾਂ ਦੇ ਜਖਮਾਂ 'ਤੇ ਮੱਲ੍ਹਮ ਜਰੂਰ ਲਾਈ ਜਾਵੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਉਮਰਾਓ ਸਿੰਘ, ਗੁਰਪਾਲ ਸਿੰਘ, ਮੇਹਰ ਸਿੰਘ, ਜੀਵਨ ਦਾਸ, ਸੋਹਣ ਸਿੰਘ ਮਾਣਕ, ਸੇਵਾ ਸਿੰਘ ਮਝੂਰ, ਸੁਰਿੰਦਰ ਕੁਮਾਰ, ਮੋਹਣ ਸਿੰਘ ਰੁੜਕੀ ਖਾਸ, ਸੁਖਦੇਵ ਸਿੰਘ ਮਝੂਰ, ਸੋਹਣ ਸਿੰਘ, ਕੇਹਰ ਚੰਦ ਗਰਚਾ, ਦਸੌਂਧਾ ਸਿੰਘ, ਦਰਸਨ ਸਿੰਘ, ਸੋਹਣ ਸਿੰਘ ਸੌਨਾ, ਮਹਿੰਦਰ ਸਿੰਘ ਮਹਿਤ ਪੁਰ, ਕਸ਼ਮੀਰ ਸਿੰਘ, ਪ੍ਰੇਮ ਸਿੰਘ ਬਘੌਰਾਂ, ਜਸਵਿੰਦਰ ਸਿੰਘ ਭੰਗਲ, ਰਕੇਸ਼ ਚੰਦਰ ਸ਼ਰਮਾ ਆਦਿ ਮੈਂਬਰ ਹਾਜਰ ਸਨ।

ਆਦਮਪੁਰ 'ਚ ਡਾ. ਸੁੱਖੀ ਦੇ ਹੱਕ ਮੀਟਿੰਗ

ਆਦਮਪੁਰ, (ਪਰਮਜੀਤ ਸਿੰਘ)- ਜਲੰਧਰ ਲੋਕਾਂ ਸਭਾ ਜ਼ਿਮਨੀ ਚੋਣ ਮੱਦੇਨਜ਼ਰ ਵਿਧਾਨ ਸਭਾ ਹਲਕਾ ਆਦਮਪੁਰ ਵਿਖੇ ਅਕਾਲੀ - ਬਸਪਾ ਗੱਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਸਿੰਘ ਸੁੱਖੀ ਦੇ ਹੱਕ 'ਚ ਚੋਣ ਵਿੱਚ ਵੱਡੀ ਮੀਟਿੰਗ ਕੀਤੀ ਗਈ। ਇਸ ਮੌਕੇ ਵੱਡੀ ਗਿਣਤੀ 'ਚ ਅਕਾਲੀ ਬਸਪਾ ਦੇ ਸੀਨੀਅਰ ਲੀਡਰਾਂ ਸਮੇਤ ਵਰਕਰਾਂ ਨੇ ਹਾਜ਼ਰੀ ਲਗਾਈ। ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਜਸਵੀਰ ਸਿੰਘ ਗੜ੍ਹੀ ਪੰਜਾਬ ਪ੍ਰਧਾਨ ਬਸਪਾ, ਬਲਵਿੰਦਰ ਸਿੰਘ ਭੂੰਦੜ ਸਾਬਕਾ ਰਾਜ ਸਭਾ ਮੈਂਬਰ, ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਪਵਨ ਕੁਮਾਰ ਟੀਨੂੰ, ਡਾ ਸੁਖਵਿੰਦਰ ਸੁੱਖੀ ਦੇ ਹੱਕ 'ਚ ਚੋਣ ਪ੍ਰਚਾਰ ਕੀਤਾ। ਉਮੀਦਵਾਰ ਦੇ ਹੱਕ ਵਿੱਚ ਪ੍ਰਚਾਰ ਕਰਦਿਆ ਦੱਸਿਆ ਕਿ ਬਹੁਜਨ ਸਮਾਜ ਅਤੇ ਸ਼੍ਰੋਮਣੀ ਅਕਾਲੀ ਗੱਠਜੋੜ ਬਹੁਤ ਤਕੜਾ ਗੱਠਜੋੜ ਹੈ ਜੇਕਰ ਗੱਠਜੋੜ ਦੇ ਵਰਕਰ ਮਨ ਬਣਾ ਲੈਣ ਤਾਂ ਫਿਰ ਪੰਜਾਬ ਵਿੱਚ ਇਨ੍ਹਾਂ ਨੂੰ ਕੋਈ ਹਰਾ ਨਹੀ ਸਕਦਾ।

ਉਨ੍ਹਾ ਕਿਹਾ ਇਸ ਵਾਰ ਲੋਕ ਸਭਾ ਜ਼ਿਮਨੀ ਚੋਣਾਂ 'ਚ ਬਹੁਜਨ ਤੇ ਅਕਾਲੀ ਗੱਠਜੋੜ ਕਰਾਰੀ ਹਾਰ ਦੇਵੇਗਾ। ਪਵਨ ਟੀਨੂੰ ਨੇ ਕਿਹਾ ਆਦਮਪੁਰ ਦੇ ਵਿਕਾਸ਼ ਲਈ ਕਾਂਗਰਸ ਤੇ ਆਪ ਪਾਰਟੀ ਜਿੰਮੇਵਾਰ ਹੈ। ਪ੍ਰਧਾਨ ਸੁਖਵੀਰ ਬਾਦਲ ਵੱਲੋਂ ਆਦਮਪੁਰ ਵਿੱਚ ਪਹਿਲੀ ਮੀਟਿੰਗ ਕਰਵਾਉਣ ਤੇ ਸਰਕਲ ਜਥੇਦਾਰ ਮਲਕੀਤ ਸਿੰਘ ਦੌਲਤਪੁਰ, ਜਥੇ ਮੇਜਰ ਸਿੰਘ ਹਰੀਪੁਰ, ਜਥੇ ਗੁਰਦਿਆ ਸਿੰਘ ਨਿੱਝਰ , ਕੁਲਵਿੰਦਰ ਸਿੰਘ ਟੋਨੀ ਸ਼ਹਿਰੀ ਪ੍ਰਧਾਨ ਦਾ ਧੰਨਵਾਦ ਕੀਤਾ। ਇਸ ਮੌਕੇ ਵੀਰਇੰਦਰ ਸਿੰਘ ਪ੍ਰਹਾਰ, ਜਰਨੈਲ ਸਿੰਘ ਵਾਹਦ, ਹਰਨਾਮ ਸਿੰਘ ਅਲਾਵਲਪੁਰ, ਸੁਰਿੰਦਰ ਸਿੰਘ ਭੂਲੇਵਾਲ ਰਾਠਾਂ,ਸਤਿੰਦਰ ਲਾਲਾ ਬਾਜਵਾ, ਇੰਜੀਨੀਅਰ ਜਸਵੰਤ ਰਾਏ, ਮਦਨ ਮੱਦੀ ਜ਼ਿਲ੍ਹਾਂ ਇੰਚਾਰਜ, ਸੋਹਣ ਸਿੰਘ ਠੰਡਲ, ਗੁਰਦਿਆਲ ਸਿੰਘ ਕਾਲਰਾ, ਬੀਬੀ ਦਵਿੰਦਰ ਕੌਰ ਕਾਲਰਾ ਮੈਂਬਰ ਸ਼੍ਰੋਮਣੀ ਕਮੇਟੀ, ਸੰਨੀ ਢਿੱਲੋਂ ਜਨਰਨ ਸੈਕਟਰੀ, ਗੁਰਲਾਲ ਸੈਲਾ ਇੰਚਰਾਜ,ਰੂਬੀ ਢਿੱਲੋਂ, ਗੁਰਪ੍ਰੀਤ ਚੀਮਾ, ਪ੍ਰਧਾਨ ਹਰਜਿੰਦਰ ਸਿੰਘ ਬਿੱਲਾ, ਸੇਵਾ ਸਿੰਘ ਰੱਤੂ, ਧਰਮਪਾਲ ਲੇਸੜੀਵਾਲ, ਭੁਪਿੰਦਰ ਸਿੰਘ, ਦਲਵੀਰ ਸਿੰਘ, ਅਵਤਾਰ ਸਿੰਘ, ਹਰਬਿੰਲਦਰ ਸਿੰਘ, ਏਕਮ ਸਿੰਘ, ਦਲਜੀਤ ਭੱਟੀ, ਗੁਰਮੇਲ ਸਿੰਘ, ਚੇਤਨ ਹੰਨੀ, ਅੰਮ੍ਰਿਤਪਾਲ ਰੰਧਾਵਾ, ਰਜਿੰਦਰ ਸਿੰਘ ਮੰਗੀ, ਐਡਵੋਕੇਟ ਹਰਪ੍ਰੀਤ ਸਿੰਘ, ਸਰਵਣ ਸਿੰਘ , ਜਗਜੀਵ ਲਾਲ, ਬੀਬੀ ਜਸਵੀਰ ਕੌਰ ਮਹਿਲਾ ਵਿੰਗ, ਲਖਵੀਰ ਸਿੰਙ ਹਾਜਰਾ, ਹਰਕੀਤ ਭੇਲਾ, ਲਖਵੀਰ ਸਿੰਘ ਸਰਪੰਚ, ਪ੍ਰਜਿੰਦਰ ਸਿੰਘ ਭੇਲਾ, ਚਰਨਜੀਤ ਸਿੰਘ ਸ਼ੇਰੀ , ਗੁਰਚਰਨ ਰਾਏ ਸਿੰਗਰੀ, ਜਥੇਦਾਰ ਬਲਵਿੰਦਰ ਸਿੰਘ ਕਾਲਰਾ, ਦਵਿੰਦਰ ਸਿੰਘ ਨੰਬੜਦਾਰ, ਜਥੇ ਮਨੋਹਰ ਸਿੰਘ ਡਰੋਲੀ, ਪ੍ਰਧਾਨ ਤੀਰਥ ਰਾਮ ਪੰਡੋਰੀ ਨਿੱਝਰਾ ਸਮੇਤ ਅਕਾਲੀ ਬਸਪਾ ਵਰਕਰ ਹਾਜਰ ਹੋਏ ।

ਪ੍ਰਦੂਸ਼ਣ ਦੀ ਰੋਕਥਾਮ ਲਈ ਇਲੈਕਟ੍ਰਾਨਿਕ ਵਾਹਨਾਂ ਦੀ ਵਰਤੋਂ ਜ਼ਰੂਰੀ : ਡਾ. ਚਰਨਜੀਤ ਸਿੰਘ

ਮੋਰਿੰਡਾ (ਜੈਜੀ ਸਰਦਾਰ) ਸਮਾਜ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਪੈਟਰੋਲ/ਡੀਜਲ ਨਾਲ ਚੱਲਣ ਵਾਲੇ ਵਾਹਨਾਂ ਦੀ ਬਜਾਏ ਇਲੈਕਟ੍ਰਾਨਿਕ ਵਾਹਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਵਿਚਾਰ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਵਿਧਾਇਕ ਡਾਕਟਰ ਚਰਨਜੀਤ ਸਿੰਘ ਨੇ ਸਥਾਨਕ ਦਰਪਣ ਇਨਕਲੇਵ ਦੇ ਸਾਹਮਣੇ ਨਵੀਂ ਏਜੰਸੀ ਦਾ ਉਦਘਾਟਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਪ੍ਰਦੂਸ਼ਣ ਦੀ ਰੋਕਥਾਮ ਲਈ ਢੁੱਕਵੇਂ ਕਦਮ ਚੁੱਕੇ ਜਾ ਰਹੇ ਹਨ। ਏਜੰਸੀ ਦੇ ਮਾਲਕ ਰੋਹਿਤ ਰਾਜਪੂਤ ਵੱਲੋਂ ਹਲਕਾ ਵਿਧਾਇਕ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਏਜੰਸੀ ਦੇ ਮੈਨੇਜਰ ਨਰਿੰਦਰ ਸਿੰਘ, ਸੇਲ ਹੈੱਡ ਹਰੀਸ਼ ਸ਼ਰਮਾ, ਸੇਲਜਮੈਨ ਮਨਵੀਰ ਸਿੰਘ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਆਗੂ ਨਵਦੀਪ ਸਿੰਘ ਟੋਨੀ, ਸੰਦੀਪ ਸਿੰਘ ਸਿੰਬਲ ਮਾਜਰਾ, ਜਗਤਾਰ ਸਿੰਘ ਘੰਡੂਆ, ਆਰ ਡੀ ਸਿੰਘ, ਐਨ ਪੀ ਰਾਣਾ, ਆਰ ਡੀ ਸਿੰਘ ਆਦਿ ਹਾਜਰ ਸਨ।

ਡਾ: ਰੈਨਾ ਨੇ ਅਟਵਾਲ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

ਜਲੰਧਰ (ਇਕਬਾਲ ਸਿੰਘ ਉਭੀ), ਜਲੰਧਰ ਲੋਕ ਸਭਾ ਚੋਣਾਂ ਨੂੰ ਲੈ ਕੇ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾ ਤਹਿਤ ਸ਼ੁਰੂ ਕੀਤੇ ਗਏ ਮਹਾ ਜਨ ਸੰਪਰਕ ਮੁਹਿੰਮ ਤਹਿਤ ਭਾਜਪਾ ਦੇ ਕੌਮੀ ਸਕੱਤਰ ਡਾ: ਨਰਿੰਦਰ ਸਿੰਘ ਰੈਨਾ ਨੇ ਜਲੰਧਰ ਉੱਤਰੀ ਵਿਧਾਨ ਸਭਾ ਹਲਕੇ ਅਧੀਨ ਪੈਂਦੇ ਮੰਡਲ ਨੰਬਰ 3 'ਚ ਮੰਡਲ ਪ੍ਰਧਾਨ ਗੁਰਪ੍ਰੀਤ ਵਿੱਕੀ ਨਾਲ ਡੋਰ ਟੂ ਡੋਰ ਜਨ ਸੰਪਰਕ ਕੀਤਾ ਅਤੇ ਲੋਕਾਂ ਨੂੰ ਭਾਜਪਾ ਗਠਜੋੜ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿੱਚ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ।

116 ਕਲਰਕਾਂ ਦੀ ਨਿਯੁਕਤੀ ਨਾਲ ਤਕਨੀਕੀ ਸਿੱਖਿਆ ਵਿਭਾਗ ਦੇ ਕੰਮਕਾਜ 'ਚ ਆਵੇਗੀ ਤੇਜ਼ੀ : ਬੈਂਸ

ਚੰਡੀਗੜ੍ਹ, (ਗੁਰਜੀਤ ਬਿੱਲਾ) 116 ਕਲਰਕਾਂ ਦੀ ਨਿਯੁਕਤੀ ਨਾਲ ਤਕਨੀਕੀ ਸਿੱਖਿਆ ਵਿਭਾਗ ਦੇ ਕੰਮਕਾਜ ਵਿੱਚ ਤੇਜ਼ੀ ਆਵੇਗੀ। ਉਕਤ ਪ੍ਰਗਟਾਵਾ ਇੱਥੇ ਪੰਜਾਬ ਦੇ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਕੀਤਾ ਗਿਆ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਇਹਨਾਂ ਨਵ-ਨਿਯੁਕਤ ਕਲਰਕਾਂ ਨੂੰ ਨਿਯੁਕਤੀ ਪੱਤਰਾਂ ਦੀ ਵੰਡ ਕੀਤੀ ਜਾਵੇਗੀ। ਬੈਂਸ ਨੇ ਕਿਹਾ ਕਿ ਵਿਭਾਗ 'ਚ ਕਲਰਕਾਂ ਦੀ ਵੱਡੇ ਪੱਧਰ 'ਤੇ ਘਾਟ ਸੀ, ਜੋ ਕਿ ਇਸ ਭਰਤੀ ਨਾਲ ਦੂਰ ਹੋ ਜਾਵੇਗੀ। ਬੈਂਸ ਨੇ ਕਿਹਾ ਕਿ ਤਕਨੀਕੀ ਸਿੱਖਿਆ ਵਿਭਾਗ ਪੰਜਾਬ ਦਾ ਇੱਕ ਅਹਿਮ ਵਿਭਾਗ ਹੈ, ਜੋ ਕਿ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕਾਬਿਲ ਬਣਾਉਣ ਦੇ ਨਾਲ-ਨਾਲ ਸਵੈ-ਰੋਜ਼ਗਾਰ ਦੇ ਕਾਬਿਲ ਵੀ ਬਣਾਉਂਦਾ ਹੈ। ਉਹਨਾਂ ਕਿਹਾ ਕਿ ਸਾਡੀ ਸਰਕਾਰ ਇਸ ਵਿਭਾਗ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਾਲੀ ਪੰਜਾਬ ਸਰਕਾਰ ਆਪਣੇ ਪਹਿਲੇ ਇੱਕ ਸਾਲ ਦੇ ਕਾਰਜਕਾਲ ਦੌਰਾਨ ਹੀ 28 ਹਜ਼ਾਰ ਤੋਂ ਵੱਧ ਪੱਕੀਆਂ ਸਰਕਾਰੀ ਨੌਕਰੀਆਂ ਪੰਜਾਬ ਦੇ ਨੌਜਵਾਨਾਂ ਨੂੰ ਦੇ ਚੁੱਕੀ ਹੈ।

ਜੋ ਵੀ ਸੂਬੇ ਦੇ ਅਮਨ-ਚੈਨ ਨਾਲ ਖਿਲਵਾੜ ਕਰੇਗਾ ਉਸ ਦਾ ਹਸ਼ਰ ਇਹੀ ਹੋਵੇਗਾ : ਕੰਗ

ਚੰਡੀਗੜ੍ਹ, (ਗੁਰਜੀਤ ਬਿੱਲਾ) ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ 'ਤੇ ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਸਾਰੇ ਵੱਡੇ-ਵੱਡੇ ਪੁਲਸ ਆਪ੍ਰੇਸ਼ਨਾਂ 'ਚ ਖੂਨ-ਖਰਾਬਾ ਅਤੇ ਹਿੰਸਾ ਹੋਈ ਅਤੇ ਕਈ ਬੇਕਸੂਰ ਲੋਕ ਇਸ ਕਾਰਵਾਈ ਦਾ ਸ਼ਿਕਾਰ ਹੋਏ। ਪੰਜਾਬ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਬਿਨਾਂ ਕਿਸੇ ਖੂਨ-ਖਰਾਬੇ ਜਾਂ ਹਿੰਸਾ ਦੇ ਇੰਨੇ ਵੱਡੇ ਆਪ੍ਰੇਸ਼ਨ ਨੂੰ ਸਫਲਤਾ ਮਿਲੀ ਹੈ। ਐਤਵਾਰ ਨੂੰ ਪਾਰਟੀ ਹੈੱਡਕੁਆਰਟਰ 'ਚ ਆਯੋਜਿਤ ਪ੍ਰੈੱਸ ਕਾਨਫਰੰਸ ਨੂੰ ਸੰਬੋ

25-APRIL-PAGE-10.qxd 4/24/2023 10:48 PM Page 1

ਮਾਮਲਾ ਕੁਲਵੰਤ ਕੌਰ ਰਸੂਲਪੁਰ ਦੀ ਹੱਤਿਆ ਦਾ

ਕੌਮੀ ਐੱਸ ਸੀ ਕਮਿਸ਼ਨ ਦੇ ਆਦੇਸ਼ ਨੂੰ ਲਾਗੂ ਕਰੋ : ਜਸਦੇਵ ਲਲਤੋਂ

■ 387ਵੇਂ ਦਿਨ ਦਸਮੇਸ਼-ਕਿਸਾਨ ਮਜ਼ਦੂਰ ਯੂਨੀਅਨ ਨੇ ਦਿੱਤਾ ਧਰਨਾ

ਜਗਰਾਉਂ (ਨਛੱਤਰ ਸੰਧੂ)-ਅਨੁਸੂਚਿਤ ਜਾਤੀ ਪਰਿਵਾਰ ਨਾਲ ਸਬੰਧਤ ਮਾਤਾ ਸੁਰਿੰਦਰ ਕੌਰ ਰਸੂਲਪੁਰ ਤੇ ਭੈਣ ਕੁਲਵੰਤ ਕੌਰ ਵਾਸੀ ਰਸੂਲਪੁਰ ਅਤੇ ਮਨਪ੍ਰੀਤ ਕੌਰ ਤੇ ਦਰਸ਼ਨ ਸਿੰਘ ਧਾਲੀਵਾਲ ਵਾਸੀ ਜਗਰਾਉਂ ਨੂੰ ਨਬਾਲਿਗ ਬੱਚਿਆਂ ਸਮੇਤ ਨਜਾਇਜ਼ ਹਿਰਾਸਤ 'ਚ ਰੱਖ ਕੇ ਅੱਤਿਆਚਾਰ ਕਰਨ ਅਤੇ ਕੁਲਵੰਤ ਕੌਰ ਰਸੂਲਪੁਰ ਨੂੰ ਕਰੰਟ ਲਗਾ ਕੇ ਮਰਨ ਲਈ ਮਜਬੂਰ ਕਰਨ ਸਬੰਧੀ ਸੰਗੀਨ ਧਾਰਾਵਾਂ ਅਧੀਨ ਦਰਜ ਮੁਕੱਦਮਾ ਨੰਬਰ 274/2021 ਨੂੰ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਦੇ 20 ਮਾਰਚ ਤੇ 28 ਮਾਰਚ 2023 ਦੇ ਹੁਕਮਾਂ ਦੇ ਬਰਖਿਲਾਫ ਜਾ ਕੇ ਸਾਜ਼ਿਸ਼ ਅਧੀਨ ਖਾਰਜ ਕਰਨ ਦੀ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਨੇ ਨਿਖੇਧੀ ਕਰਦਿਆਂ 387ਵੇਂ ਦਿਨ ਥਾਣਾ ਸਿਟੀ ਜਗਰਾਉਂ ਅੱਗੇ ਧਰਨਾ ਦਿੱਤਾ। ਪ੍ਰੈੱਸ ਨੂੰ ਜਾਰੀ ਬਿਆਨ 'ਚ ਯੂਨੀਅਨ ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਸਕੱਤਰ ਜਸਦੇਵ ਸਿੰਘ ਲਲਤੋਂ ਨੇ ਕਿਹਾ ਕਿ ਗਰੀਬ ਪਰਿਵਾਰ ਨੂੰ ਤੱਤਕਾਲੀ ਐੱਸ.ਐੱਚ.ਓ. ਹੁਣ ਡੀ.ਐੱਸ.ਪੀ. ਗੁਰਿੰਦਰ ਬੱਲ, ਐੱਸ.ਆਈ. ਰਾਜਵੀਰ ਨੇ ਨਜਾਇਜ਼ ਹਿਰਾਸਤ 'ਚ ਰੱਖ ਕੇ ਤੀਜੇ ਦਰਜੇ ਦਾ ਤਸ਼ੱਦਦ ਕੀਤਾ ਸੀ, ਜਿਸ ਸਬੰਧੀ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਨੇ ਦੋਸ਼ੀਆਂ ਖਿਲਾਫ ਪਹਿਲਾਂ ਮੁਕੱਦਮਾ ਦਰਜ ਕਰਨ ਦੇ ਆਦੇਸ਼ ਦਿੱਤੇ ਸਨ ਅਤੇ ਹੁਣ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੇ ਪੀੜਤ ਪਰਿਵਾਰ ਨੂੰ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ ਹਨ, ਪਰ ਮੁਕਾਮੀ ਪੰਜਾਬ ਨੇ ਸੰਗੀਨ ਧਾਰਾਵਾਂ ਅਧੀਨ ਦਰਜ ਮੁਕੱਦਮਾ ਨੂੰ ਸਬੂਤਾਂ ਤੇ ਕਮਿਸ਼ਨ ਦੇ ਹੁਕਮਾਂ ਦੇ ਬਰਖਿਲਾਫ ਜਾ ਕੇ ਖਾਰਜ ਕਰਨ ਦੀ ਕਾਰਵਾਈ ਕੀਤੀ ਹੈ, ਜੋ ਕਿ ਅਤਿ ਨਿੰਦਣਯੋਗ ਹੈ। ਉਨ੍ਹਾ ਕਿਹਾ ਕਿ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਦੇ ਵਰਕਰ ਹਰ ਸ਼ਨੀਵਾਰ ਥਾਣੇ ਮੂਹਰੇ ਧਰਨਾ ਦੇਣ ਆਇਆ ਕਰਨਗੇ। ਉਨ੍ਹਾ ਕਿਹਾ ਕਿ ਯੂਨੀਅਨ ਦੀ ਮੀਟਿੰਗ 'ਚ ਲਏ ਫੈਸਲੇ ਅਨੁਸਾਰ ਹਰ ਸ਼ਨੀਵਾਰ ਇੱਕ ਪਿੰਡ ਦੇ ਵਰਕਰਾਂ ਦੀ ਧਰਨੇ 'ਚ ਹਾਜ਼ਰੀ ਯਕੀਨੀ ਬਣਾਈ ਜਾਵੇਗੀ ਤਾਂ ਕਿ ਨਿਆਂ ਮਿਲਣ ਤੱਕ ਮੋਰਚਾ ਨਿਰੰਤਰ ਚਲਦਾ ਰਹੇ। ਇਸ ਸਮੇਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ ਤੇ ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੇ ਬਲਦੇਵ ਸਿੰਘ ਫੌਜੀ ਨੇ ਮੁਕਾਮੀ ਪੁਲਸ ਦੀ ਪੱਖਪਾਤੀ ਕਾਰਵਾਈ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਾਲ ਭਰ ਤੋਂ ਥਾਣੇ ਮੂਹਰੇ ਧਰਨਾ ਲਗਾਈ ਬੈਠੇ ਲੋਕਾਂ ਦੀ ਸਾਰ ਨਾ ਲੈਣ ਵਾਲੀ ਮੌਜੂਦਾ ਸਰਕਾਰ ਨੂੰ ਵੀ ਰੱਜ ਕੇ ਕੋਸਿਆ। ਜ਼ਿਕਰਯੋਗ ਹੈ ਕਿ ਕੌਮੀ ਕਮਿਸ਼ਨ ਨੇ ਆਪਣੇ ਹੁਕਮ 28 ਮਾਰਚ 2023 ਰਾਹੀਂ ਐੱਸ.ਸੀ./ਐੱਸ.ਟੀ. ਐਕਟ-1989 ਦੀ ਧਾਰਾ 4 ਅਧੀਨ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੇ ਮਾਣਯੋਗ ਅਦਾਲਤ ਵਿੱਚ ਚਲਾਣ ਪੇਸ਼ ਕਰਨ ਤੋਂ ਇਲਾਵਾ ਸਬੰਧਤ ਪੀੜਤਾਂ ਨੂੰ ਸੋਧ ਕਾਨੂੰਨ-1955 ਅਧੀਨ ਮੁਆਵਜ਼ਾ ਦੇਣ ਲਈ ਕਿਹਾ ਸੀ, ਪਰ ਮੁਕਾਮੀ ਪੁਲਸ ਤੇ ਸਿਵਲ ਅਧਿਕਾਰੀਆਂ ਨੇ ਹੁਕਮਾਂ ਦੀ ਅਵੱਗਿਆ ਕਰਦਿਆਂ ਮੁਕੱਦਮਾ ਹੀ ਖਾਰਜ ਕਰ ਦਿੱਤਾ ਹੈ, ਜੋਕਿ ਪੀੜਤਾਂ ਨਾਲ ਇੱਕ ਹੋਰ ਧੱਕਾ ਹੈ। ਇਸ ਸਮੇਂ ਖਜ਼ਾਨਚੀ ਅਮਰੀਕ ਸਿੰਘ, ਜਥੇਦਾਰ ਰਣਜੀਤ ਸਿੰਘ, ਗੁਰਮੇਲ ਸਿੰਘ ਢੱਟ, ਸੁਖਵਿੰਦਰ ਸਿੰਘ, ਅਕਾਸ਼ ਤੇ ਪ੍ਰਦੀਪ ਆਦਿ ਹਾਜ਼ਰ ਸਨ।

ਬ੍ਰਾਹਮਣ ਸਭਾ ਨੇ ਭਗਵਾਨ ਪਰਸ਼ੂ ਰਾਮ ਜਯੰਤੀ ਮਨਾਈ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)-ਸਥਾਨਕ ਸ਼ਹਿਰ ਦੇ ਅਦਰਸ਼ ਨਗਰ ਵਿਖੇ ਬਣੀ ਪਰਸ਼ੂ ਰਾਮ ਧਰਮਸ਼ਾਲਾ ਵਿਖੇ ਬ੍ਰਾਹਮਣ ਸਭਾ ਵੱਲੋਂ ਭਗਵਾਨ ਪਰਸ਼ੂ ਰਾਮ ਜੀ ਦੀ ਜਯੰਤੀ ਧੂਮਧਾਮ ਨਾਲ ਮਨਾਈ ਗਈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਕੁਲਦੀਪ ਸ਼ਰਮਾ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਤੇ ਬ੍ਰਾਹਮਣ ਸਭਾ ਦੇ ਸਹਿਯੋਗ ਨਾਲ ਸ਼ਹਿਰ ਦੇ ਆਦਰਸ਼ ਨਗਰ ਵਿੱਚ ਬਣੀ ਹੋਈ ਪਰਸ਼ੂ ਰਾਮ ਧਰਮਸ਼ਾਲਾ ਵਿੱਚ ਭਗਵਾਨ ਪਰਸ਼ੂ ਰਾਮ ਜੀ ਦੀ ਜਯੰਤੀ ਉਨ੍ਹਾਂ ਦੀ ਜੋਤ ਜਗਾ ਕੇ ਉਨ੍ਹਾਂ ਦੇ ਚਰਨਾਂ ਵਿੱਚ ਮੱਥਾ ਟੇਕ ਕੇ ਮਨਾਈ ਗਈ ਤੇ ਉਨ੍ਹਾਂ ਦਾ ਆਸ਼ੀਰਵਾਦ ਲਿਆ ਗਿਆ। ਇਸ ਦੌਰਾਨ ਆਈ ਹੋਈ ਸੰਗਤ ਲਈ ਅਟੁੱਟ ਲੰਗਰ ਵੀ ਲਗਾਇਆ ਗਿਆ।

ਇਸ ਮੌਕੇ ਰਵੀ ਸ਼ਰਮਾ, ਵਿਜੇ ਸ਼ਰਮਾ, ਮਦਨ ਸ਼ਰਮਾ, ਤਰਸੇਮ ਲਾਲ ਸ਼ਰਮਾ, ਨਗਰ ਕੌਂਸਲ ਦੇ ਪ੍ਰਧਾਨ ਆਤਮਜੀਤ ਸਿੰਘ ਡੇਵਿਡ, ਚੰਦਨ ਸ਼ਰਮਾ, ਦੀਪਕ ਸ਼ਰਮਾ, ਰਜਨੀਸ਼ ਸ਼ਰਮਾ, ਬ੍ਰਿਜ ਭੂਸ਼ਨ ਸ਼ਰਮਾ, ਛਿੰਦਰਪਾਲ ਸਿੰਘ ਭੋਲਾ, ਰਕੇਸ਼ ਕੁਮਾਰ, ਰਵਿੰਦਰ ਸ਼ਰਮਾ ਆਦਿ ਹਾਜ਼ਰ ਸਨ।

ਸੁਸਾਇਟੀ ਮੈਂਬਰਾਂ ਨਾਲ ਲੱਖਾਂ ਦੀ ਠੱਗੀ ਮਾਰਨ ਵਾਲਾ ਸੈਕਟਰੀ ਗ੍ਰਿਫ਼ਤਾਰ

ਸੁਸਾਇਟੀ ਦੇ ਮੈਂਬਰਾਂ ਨਾਲ ਧੋਖਾਧੜੀ ਕਰਨ ਦੇ ਕੇਸ ਵਿੱਚ ਫੜਿਆ ਗਿਆ ਸੈਕਟਰੀ ਪੁਲਸ ਪਾਰਟੀ ਨਾਲ।

ਸਮਰਾਲਾ (ਸੁਰਜੀਤ ਸਿੰਘ)

ਐੱਸ.ਐੱਸ.ਪੀ. ਖੰਨਾ ਅਮਨੀਤ ਕੌਂਡਲ ਤੇ ਐੱਸ. ਪੀ. (ਆਈ) ਡਾ. ਪ੍ਰਗਿਆ ਜੈਨ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿਮ ਨੂੰ ਉਸ ਵਕਤ ਵੱਡੀ ਸਫਲਤਾ ਮਿਲੀ, ਜਦੋਂ ਸਮਰਾਲਾ ਪੁਲਸ ਵੱਲੋਂ ਪਿੰਡ ਮੁਸ਼ਕਾਬਾਦ ਦੀ ਕੋਆਪ੍ਰੇਟਿਵ ਸੁਸਾਇਟੀ ਦੇ ਸੈਕਟਰੀ ਰਾਕੇਸ਼ ਕੁਮਾਰ ਨੂੰ ਮੈਂਬਰਾਂ ਨਾਲ ਕੀਤੀ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਥਾਣਾ ਸਮਰਾਲਾ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਡੀ.ਐੱਸ.ਪੀ. ਵਰਿਆਮ ਸਿੰਘ ਖਹਿਰਾ ਤੇ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਪਿੰਡ ਮੁਸ਼ਕਾਬਾਦ, ਧੀਰਨੀਆਂ ਤੇ ਸਿਹਾਲਾ ਦੇ ਕੁਝ ਮੈਂਬਰਾਂ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਸੈਕਟਰੀ ਕੋਲ ਆਪਣੇ ਲਏ ਲੋਨ ਤੇ ਹੋਰ ਦੇਣਦਾਰੀਆਂ ਦੀਆਂ ਕਿਸ਼ਤਾਂ ਦੇ ਪੈਸੇ ਫੜਾ ਜਾਂਦੇ ਸਨ, ਪਰ ਸੈਕਟਰੀ ਉਨ੍ਹਾਂ ਵੱਲੋਂ ਲਏ ਪੈਸਿਆਂ ਨੂੰ ਸਰਕਾਰੀ ਖਾਤੇ ਵਿੱਚ ਜਮ੍ਹਾਂ ਕਰਾਉਣ ਦੀ ਜਗ੍ਹਾ ਆਪਣੀ ਜੇਬ ਵਿੱਚ ਪਾ ਲੈਂਦਾ ਸੀ, ਇਸ ਤਰ੍ਹਾਂ ਕਰਕੇ ਉਕਤ ਸੈਕਟਰੀ ਵੱਲੋਂ ਉਨ੍ਹਾਂ ਨਾਲ ਕਰੀਬ 16 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ।

ਸ਼੍ਰੀ ਖਹਿਰਾ ਨੇ ਦੱਸਿਆ ਕਿ ਉਕਤ ਕੇਸ ਦੀ ਪੜਤਾਲ ਕਰਨ ਤੋਂ ਬਾਅਦ ਸੁਸਾਇਟੀ ਦੇ ਸਕੱਤਰ ਵੱਲੋਂ ਮੈਂਬਰਾਂ ਨਾਲ ਪੈਸੇ ਦੀ ਧੋਖਾਧੜੀ ਦੀ ਗੱਲ ਸਾਹਮਣੇ ਆਉਣ ਤੋਂ ਬਾਅਦ ਉਸ ਦੇ ਖਿਲਾਫ ਕੇਸ ਦਰਜ ਕਰਨ ਤੋਂ ਬਾਅਦ ਉਸ ਨੂੰ ਕਾਬੂ ਕਰ ਲਿਆ ਗਿਆ। ਪੀੜਤ ਕਿਸਾਨਾਂ ਨੇ ਦੱਸਿਆ ਕਿ ਉਹ ਸੁਸਾਇਟੀ ਦੇ ਸਕੱਤਰ ਦੇ ਵਿਸ਼ਵਾਸ 'ਤੇ ਉਸ ਨੂੰ ਦੇਣਦਾਰੀਆਂ ਦੇ ਪੈਸੇ ਫੜਾ ਜਾਂਦੇ ਸਨ, ਪਰ ਸੈਕਟਰੀ ਵੱਲੋਂ ਅੱਗੇ ਇਹ ਪੈਸੇ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਦੀ ਬਜਾਏ ਆਪ ਰੱਖ ਲਏ ਜਾਂਦੇ ਸਨ। ਉਨ੍ਹਾਂ ਨਾਲ ਹੋਈ ਧੋਖਾਧੜੀ ਦਾ ਉਨ੍ਹਾਂ ਨੂੰ ਉਸ ਵਕਤ ਪਤਾ ਲੱਗਾ, ਜਦੋਂ ਮੁੱਖ ਦਫਤਰ ਵੱਲੋਂ ਉਨ੍ਹਾਂ ਨੂੰ ਡਿਫਾਲਟਰ ਘੋਸ਼ਿਤ ਕਰ ਦਿੱਤਾ ਗਿਆ ਅਤੇ ਪੈਸੇ ਦੀ ਰਿਕਵਰੀ ਦੇ ਨੋਟਿਸ ਆਉਣੇ ਸ਼ੁਰੂ ਹੋ ਗਏ। ਨੋਟਿਸ ਮਿਲਣ ਤੋਂ ਬਾਅਦ ਉਨ੍ਹਾਂ ਵੱਲੋਂ ਸੁਸਾਇਟੀ ਦੇ ਸਕੱਤਰ ਨਾਲ ਰਾਫਤਾ ਕੀਤਾ, ਜਿਨ੍ਹਾਂ ਵੱਲੋਂ ਪੈਸੇ ਦਾ ਕੋਈ ਜੁਆਬ ਨਾ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਉਕਤ ਸਕੱਤਰ ਖਿਲਾਫ ਕੇਸ ਦਰਜ ਕਰਵਾਇਆ ਗਿਆ ਹੈ।

ਥਾਣਾ ਮੁਖੀ ਨੇ ਦੱਸਿਆ ਕਿ ਉਕਤ ਵਿਅਕਤੀ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਪੁਲਸ ਰਿਮਾਂਡ ਦੌਰਾਨ ਹੋਰ ਪੁੱਛਗਿੱਛ ਕੀਤੀ ਜਾਵੇਗੀ।

ਕਾਤਰਾਂ

ਈਦ ਮੌਕੇ ਮੁਸਲਮਾਨ ਭਾਈਚਾਰੇ ਨਾਲ ਕੀਤੀ ਖੁਸ਼ੀ ਸਾਂਝੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਈਦ ਦੇ ਤਿਉਹਾਰ ਮੌਕੇ ਸੰਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ (ਰਜਿ:) ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਮੁਸਲਿਮ ਭਾਈਚਾਰੇ ਦੇ ਲੋਕਾਂ ਨਾਲ ਮਿਠਾਈ ਵੰਡ ਕੇ ਖੁਸ਼ੀ ਸਾਂਝੀ ਕੀਤੀ। ਉਨ੍ਹਾਂ ਇਸ ਮੌਕੇ ਸਮੁੱਚੇ ਮੁਸਲਿਮ ਭਾਈਚਾਰੇ ਨੂੰ ਮੁਬਾਰਬਾਦ ਦਿੰਦਿਆਂ ਆਖਿਆ ਕਿ ਭਾਰਤ ਦੇਸ ਇਕ ਮਹਾਨ ਮੁਲਖ ਹੈ ਤੇ ਇੱਥੇ ਸਭਨਾਂ ਧਰਮਾਂ ਜਾਤਾਂ ਤੇ ਰੰਗ ਨਸਲਾਂ ਦੇ ਲੋਕ ਵਸਦੇ ਹਨ। ਸਾਡੇ ਪੰਜਾਬ ਵਿੱਚ ਵੀ ਅਨੇਕਾਂ ਦਿਨ ਤਿਉਹਾਰ ਸਾਰੇ ਲੋਕ ਆਪਸ ਵਿੱਚ ਮਿਲ ਕੇ ਮਨਾਉਂਦੇ ਹਨ। ਈਦ ਦੇ ਇਸ ਪਵਿੱਤਰ ਮੌਕੇ ਉਨ੍ਹਾਂ ਕੋਟਕਪੂਰਾ ਰੋਡ ਨੇੜੇ ਪੀਪਲ ਪੈਟਰੋਲ ਪੰਪ ਸਥਿਤ ਖੁਦ ਕਿਸਾਨ ਨਰਸਰੀ ਦੇ ਸੰਚਾਲਕ ਸ਼ੌਕਤ ਅਲੀ ਨੂੰ ਮੂੰਹ ਮਿੱਠਾ ਕਰਾ ਕੇ ਈਦ ਦੀ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਨਾਲ ਗੁਰਪ੍ਰੀਤ ਸਿੰਘ ਸੰਧੂ ਸੁੱਖਣਵਾਲਾ ਵੀ ਮੌਜੂਦ ਸਨ।

ਘਰੇਲੂ ਝਗੜੇ ਕਾਰਨ ਪਤੀ ਦੀ ਹੱਤਿਆ

ਜਗਰਾਓਂ (ਅਮਿਤ ਖੰਨਾ)-ਬੀਤੀ ਸ਼ਨੀਵਾਰ ਦੀ ਰਾਤ ਨੂੰ ਝਾਂਸੀ ਰਾਣੀ ਚੌਕ ਨੇੜੇ ਕਲਿਆਣੀ ਹਸਪਤਾਲ ਦੇ ਕੋਲ ਗਲੀ 'ਚ ਘਰੇਲੂ ਝਗੜੇ ਕਾਰਨ ਪਤਨੀ ਨੇ ਆਪਣੇ ਪਤੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਮ੍ਰਿਤਕ ਦਾ ਨਾਂਅ ਸੋਨੀ ਹੈ, ਜੋ ਕਮਲ ਚੌਕ ਨੇੜੇ ਫਰੂਟ ਦੀ ਰੇਹੜੀ ਲਗਾਉਂਦਾ ਸੀ। ਪਤਨੀ ਗੁਰਮੀਤ ਤੋਂ ਇਲਾਵਾ ਉਸ ਦੀ ਇੱਕ 12 ਸਾਲ ਦੀ ਬੇਟੀ ਹੈ, ਜੋ ਦੋ-ਤਿੰਨ ਦਿਨਾਂ ਤੋਂ ਆਪਣੇ ਰਿਸ਼ਤੇਦਾਰਾਂ ਕੋਲ ਗਈ ਹੋਈ ਸੀ। ਦੋਵੇਂ ਪਤੀ-ਪਤਨੀ ਘਰ ਵਿੱਚ ਇਕੱਲੇ ਸਨ। ਦੇਰ ਰਾਤ ਜਦੋਂ ਦੋਵਾਂ ਵਿਚਕਾਰ ਲੜਾਈ ਹੋਈ ਤਾਂ ਗੁਰਮੀਤ ਨੇ ਆਪਣੇ ਪਤੀ ਸੋਨੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਘਟਨਾ ਦੀ ਸੂਚਨਾ ਮਿਲਦਿਆਂ ਹੀ ਡੀ ਐੱਸ ਪੀ ਸਤਵਿੰਦਰ ਸਿੰਘ ਵਿਰਕ ਤੇ ਥਾਣਾ ਸਿਟੀ ਦੇ ਇੰਚਾਰਜ ਇੰਸਪੈਕਟਰ ਹੀਰਾ ਸਿੰਘ ਪੁਲਸ ਪਾਰਟੀ ਨਾਲ ਉਥੇ ਪੁੱਜੇ ਤੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਪਹੁੰਚਾਇਆ ਗਿਆ। ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਕਤਲ ਦੇ ਸਮੇਂ ਗੁਰਮੀਤ ਨਾਲ ਕੋਈ ਹੋਰ ਮੌਜੂਦ ਸੀ ਜਾਂ ਨਹੀਂ।

ਐੱਨ.ਸੀ.ਸੀ ਵਾਸਤੇ ਵਿਦਿਆਰਥੀਆਂ ਦੀ ਚੋਣ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਐੱਨ.ਸੀ.ਸੀ ਵਾਸਤੇ ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਇਸ ਵਿੱਚ ਸਕੂਲ ਦੇ 40 ਨਵੇਂ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚੋਂ 25 ਵਿਦਿਆਰਥੀਆਂ ਨੂੰ ਐੱਨ. ਸੀ.ਸੀ. ਕੈਡਿਟਾਂ ਵਜੋਂ ਚੁਣਿਆ ਗਿਆ। ਇਹ ਚੋਣ 5 ਪੰਜਾਬ ਬੀ.ਐਨ.ਐਨ.ਸੀ.ਸੀ. ਪਟਿਆਲਾ ਦੇ ਅਧਿਕਾਰੀਆਂ ਵੱਲੋਂ ਕੀਤੀ ਗਈ। ਚੋਣ ਦਾ ਆਧਾਰ ਲਿਖਤੀ ਪ੍ਰੀਖਿਆ, ਕੱਦ, ਭਾਰ, ਸਰੀਰਕ ਤੇ ਮੈਡੀਕਲ ਵਿੱਚ ਫਿੱਟ ਪਾਏ ਜਾਣ 'ਤੇ ਕੀਤੀ ਗਈ। ਇਸ ਦੌਰਾਨ ਸੀ.ਟੀ.ਓ ਮਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਆਉਣ ਵਾਲੇ ਐੱਨ. ਸੀ.ਸੀ. ਦੇ ਸਿਖਲਾਈ ਕੈਂਪਾਂ ਬਾਰੇ ਜਾਣਕਾਰੀ ਤੇ ਨਿਰਦੇਸ਼ ਦਿੱਤੇ।

ਨਵੇਂ ਦਾਖ਼ਲ ਵਿਦਿਆਰਥੀਆਂ ਦੇ ਸਵਾਗਤ ਲਈ ਸਮਾਗਮ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਵਿਖੇ ਨਰਸਰੀ ਤੋਂ ਗਿਆਰ੍ਹਵੀਂ ਜਮਾਤ ਵਿੱਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਦੇ ਸਵਾਗਤ ਲਈ ਇਕ ਸਮਾਗਮ ਕਰਾਇਆ ਗਿਆ, ਜਿਸ ਵਿੱਚ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਨੇ ਸਕੂਲ ਦੀ ਸਥਾਪਨਾ ਤੇ ਸਕੂਲ ਦੇ ਅਸੂਲਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਰੰਗਾਰੰਗ ਪ੍ਰੋਗਰਾਮ ਵੀ ਪੇਸ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਪ੍ਰੋਗਰਾਮ ਵਿੱਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੇ ਬੜਾ ਮਾਣ ਮਹਿਸੂਸ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਤੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਸੀਮਾ ਠਾਕੁਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

ਲਲਹੇੜੀ ਦਰਬਾਰ 'ਚ ਮੇਲਾ 27 ਨੂੰ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਹਜਰਤ ਸਖੀ ਸਰਵਰ ਸਯਦ ਅਹਿਮਦ ਸੁਲਤਾਨ ਲੱਖ ਦਾਤਾ ਪੀਰ ਜੀ ਦੇ ਪੀਰ ਨਿਗਾਹਾਂ ਲਲਹੇੜੀ ਦਰਬਾਰ ਵਿੱਚ 27 ਅਪ੍ਰੈਲ ਨੂੰ ਬੜਾ ਮੇਲਾ ਮਨਾਇਆ ਜਾਵੇਗਾ। ਗੱਦੀ ਨਸ਼ੀਨ ਬਾਬਾ ਇਕਬਾਲ ਮੁਹੰਮਦ ਨੇ ਦੱਸਿਆ ਕਿ ਸਵ. ਹਜਰਤ ਬਾਬਾ ਚਾਨਣ ਖਾਨ ਤੇ ਸਵ. ਹਜਰਤ ਬਾਬਾ ਨਿਗਾਹੀਆ ਬਖਸ਼ ਦੇ ਅਸ਼ੀਰਵਾਦ ਨਾਲ ਪਿੰਡ ਲਲਹੇੜੀ ਵਿੱਚ ਪੀਰ ਨਿਗਾਹਾਂ ਦਰਬਾਰ 'ਚ ਦੁਪਹਿਰ 12 ਤੋਂ 3 ਵਜੇ ਤੱਕ ਚਾਦਰ ਦੀ ਰਸਮ ਅਦਾ ਕੀਤੀ ਜਾਵੇਗੀ ਤੇ ਦਰਬਾਰ 'ਤੇ ਕੱਵਾਲੀਆਂ ਸਾਰਾ ਦਿਨ ਚੱਲਦੀਆਂ ਰਹਿਣਗੀਆਂ ਤੇ ਸੰਗਤਾਂ ਲਈ ਸਾਰਾ ਦਿਨ ਲੰਗਰ ਚੱਲਦਾ ਰਹੇਗਾ।

ਸ਼ਿਵ ਸ਼ੰਕਰ ਯੂਥ ਸੇਵਾ ਦਲ ਤ

25-April-PAGE-11-Majha-23.qxd 4/24/2023 10:37 PM Page 1

ਤਮਗਾ ਜੇਤੂ ਖਿਡਾਰੀਆਂ ਦਾ ਮੁੱਖ ਮੰਤਰੀ ਵੱਲੋਂ ਨਕਦ ਇਨਾਮਾਂ ਨਾਲ ਸਨਮਾਨ

ਗੁਰਦਾਸਪੁਰ, (ਜਨਕ ਮਹਾਜਨ)-ਸੂਬੇ ਅੰਦਰ ਖੇਡਾਂ ਨੂੰ ਪ੍ਰਫੁੱਲਿਤ ਕਰਨ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੌਮੀ ਖੇਡਾਂ ਵਿੱਚ ਤਮਗਾ ਜੇਤੂ ਖਿਡਾਰੀਆਂ ਨੂੰ ਨਗਦ ਇਨਾਮ ਦਿੱਤੇ ਜਾ ਰਹੇ ਹਨ। ਇਸੇ ਤਹਿਤ ਗੁਜਰਾਤ ਦੇ ਅਹਿਮਦਾਬਾਦ ਸ਼ਹਿਰ ਵਿੱਚ ਹੋਈਆਂ ਨੈਸ਼ਨਲ ਗੇਮਜ਼-2022 ਵਿੱਚ ਤਮਗੇ ਪ੍ਰਾਪਤ ਕਰਨ ਵਾਲੇ ਸੂਬੇ ਦੇ 141 ਖਿਡਾਰੀਆਂ ਨੂੰ ਚੰਡੀਗੜ੍ਹ ਦੇ 35 ਸੈਕਟਰ ਵਿਖੇ ਸਥਾਪਿਤ ਮਿਊਂਸਪਲ ਭਵਨ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 5.43 ਕਰੋੜ ਦੀ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲਾ ਖੇਡ ਅਫ਼ਸਰ ਗੁਰਦਾਸਪੁਰ ਸੁਖਚੈਨ ਸਿੰਘ ਨੇ ਦੱਸਿਆ ਕਿ ਇਨ੍ਹਾਂ ਨੈਸ਼ਨਲ ਗੇਮਜ਼ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ 14 ਖਿਡਾਰੀਆਂ ਨੇ ਵੀ ਤਮਗੇ ਹਾਸਿਲ ਕੀਤੇ ਸਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਖਿਡਾਰੀ ਵਰਿੰਦਰ ਸਿੰਘ ਜੌਹਲ ਨੇ ਫੈਂਸਿੰਗ ਅਤੇ ਅਵਤਾਰ ਸਿੰਘ ਨੇ ਜੁਡੋ ਦੀ ਖੇਡ ਵਿੱਚ ਸੋਨ ਤਮਗੇ ਹਾਸਿਲ ਕੀਤੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਇਨਾਂ ਖਿਡਾਰੀ ਨੂੰ 10-10 ਲੱਖ ਰੁਪਏ ਦੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਹੈ।

ਜ਼ਿਲ੍ਹਾ ਖੇਡ ਅਫ਼ਸਰ ਸੁਖਚੈਨ ਸਿੰਘ ਨੇ ਦੱਸਿਆ ਕਿ ਬਸਕਟਬਾਲ ਖਿਡਾਰੀ ਗੁਰਵਿੰਦਰ ਸਿੰਘ ਨੇ ਚਾਂਦੀ ਦਾ ਤਮਗਾ, ਫੈਂਸਿੰਗ ਵਿੱਚ ਜਗਮੀਤ ਕੌਰ ਨੇ ਵਿਅਕਤੀਗਤ ਅਤੇ ਟੀਮ ਵਰਗ ਵਿੱਚ ਚਾਂਦੀ ਦਾ ਤਮਗਾ, ਜੁਡੋ ਵਿੱਚ ਰਵਨੀਤ ਕੌਰ, ਕਰਨਜੀਤ ਸਿੰਘ ਮਾਨ, ਅਵਤਾਰ ਸਿੰਘ, ਜਤਿੰਦਰ ਸਿੰਘ ਅਤੇ ਜਗਤਾਰ ਸਿੰਘ ਨੇ ਸਿਲਵਰ ਮੈਡਲ ਹਾਸਲ ਕੀਤਾ ਹੈ।

ਇਸੇ ਤਰ੍ਹਾਂ ਜੁਡੋ ਵਿੱਚ ਰਨਜੀਤਾ, ਰਵਨੀਤ ਕੌਰ ਨੇ ਕਾਂਸੀ ਦਾ ਤਮਗਾ ਅਤੇ ਫੈਂਸਿੰਗ ਵਿੱਚ ਵਰਿੰਦਰ ਸਿੰਘ ਜੌਹਲ ਨੇ ਵਿਅਕਤੀਗਤ ਵਰਗ ਵਿੱਚ ਅਤੇ ਨੇਕਪ੍ਰੀਤ ਸਿੰਘ ਨੇ ਟੀਮ ਵਰਗ ਵਿੱਚ ਕਾਂਸੀ ਦਾ ਤਮਗਾ ਹਾਸਲ ਕੀਤਾ। ਮੁੱਖ ਮੰਤਰੀ ਵੱਲੋਂ ਚਾਂਦੀ ਤਮਗਾ ਜੇਤੂ ਖਿਡਾਰੀਆਂ ਨੂੰ 3 ਲੱਖ ਰੁਪਏ ਅਤੇ ਕਾਂਸੇ ਦਾ ਤਮਗਾ ਜਿੱਤਣ 'ਤੇ ਪੰਜਾਬ ਸਰਕਾਰ ਵੱਲੋਂ 2 ਲੱਖ ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਗਈ।

ਤਰਕਸ਼ੀਲ ਸੁਸਾਇਟੀ ਵੱਲੋਂ ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਨੂੰ ਸਿਲੇਬਸ 'ਚੋਂ ਬਾਹਰ ਕੱਢਣ ਦੀ ਸਖਤ ਨਿਖੇਧੀ

ਕੌਮੀ ਸਿੱਖਿਆ ਨੀਤੀ 2020 ਨੂੰ ਰੱਦ ਕਰਨ ਦੀ ਜ਼ੋਰਦਾਰ ਮੰਗ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਧਾਰੀਵਾਲ ਭੋਜਾ ਇਕਾਈ ਨੇ ਕੇਂਦਰੀ ਸਿੱਖਿਆ ਮੰਤਰਾਲੇ ਵਲੋਂ ਐਨਸੀਈਆਰਟੀ ਦੇ ਦੱਸਵੀਂ ਜਮਾਤ ਦੇ ਸੀਬੀਐੱਸਸੀ ਦੇ ਸਿਲੇਬਸ 'ਚੋਂ ਕੌਮਾਂਤਰੀ ਪ੍ਰਸਿੱਧ ਵਿਗਿਆਨੀ ਅਤੇ ਦਾਰਸ਼ਨਿਕ ਚਾਰਲਸ ਡਾਰਵਿਨ ਨਾਲ ਸੰਬੰਧਿਤ ਜੀਵ ਵਿਕਾਸ ਦੇ ਸਿਧਾਂਤ ਨੂੰ ਬਾਹਰ ਕੱਢਣ ਅਤੇ ਕੌਮੀ ਸਿੱਖਿਆ ਨੀਤੀ 2020 ਹੇਠ ਸਿੱਖਿਆ ਦਾ ਭਗਵਾਂਕਰਨ ਅਤੇ ਵਪਾਰੀਕਰਨ ਕੀਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸਮੂਹ ਲੋਕਪੱਖੀ ਜਮਹੂਰੀ, ਇਨਸਾਫਪਸੰਦ ਜਥੇਬੰਦੀਆਂ, ਵਿਗਿਆਨੀਆਂ, ਸਿੱਖਿਆ ਸਾਸਤਰੀਆਂ ਅਤੇ ਬੁੱਧੀਜੀਵੀਆਂ ਨੂੰ ਅਜਿਹੇ ਫਿਰਕੂ ਅਤੇ ਫਾਸ਼ੀਵਾਦੀ ਫੈਸਲਿਆਂ ਦਾ ਡੱਟਵਾਂ ਜਨਤਕ ਵਿਰੋਧ ਕਰਨ ਦੀ ਅਪੀਲ ਕੀਤੀ ਹੈ।

ਇਸ ਸਬੰਧੀ ਹੋਈ ਇਕ ਵਿਸ਼ੇਸ਼ ਬੈਠਕ ਤੋਂ ਬਾਅਦ ਜਾਰੀ ਪ੍ਰੈਸ ਰਾਹੀਂ ਸੁਸਾਇਟੀ ਦੇ ਜਥੇਬੰਦਕ ਆਗੂਆਂ ਦੀਵਾਨ ਸਿੰਘ, ਸਤਨਾਮ ਸਿੰਘ, ਮਾਸਟਰ ਹੱਸ ਨੇ ਕਿਹਾ ਕਿ ਚਾਰਲਸ ਡਾਰਵਿਨ ਨੇ ਜੀਵ ਵਿਕਾਸ ਦੇ ਵਿਗਿਆਨਕ ਸਿਧਾਂਤ ਰਾਹੀਂ ਤੱਥਾਂ ਸਹਿਤ ਇਹ ਸਿੱਧ ਕੀਤਾ ਕਿ ਮਨੁੱਖ ਕਿਸੇ ਅਖੌਤੀ ਗੈਬੀ ਸ਼ਕਤੀ ਜਾਂ ਪ੍ਰਮਾਤਮਾ ਦੀ ਪੈਦਾਵਾਰ ਨਹੀਂ ਬਲਕਿ ਮਨੁੱਖ ਦਾ ਮੌਜੂਦਾ ਸਵਰੂਪ ਸਮੁੰਦਰ ਅਤੇ ਧਰਤੀ ਉੱਤੇ ਵਿਚਰਦੇ ਰਹੇ ਵੱਖ-ਵੱਖ ਜੀਵਾਂ ਦੇ ਕਰੋੜਾਂ ਸਾਲ ਦੇ ਪੜਾਅ ਦਰ ਪੜਾਅ ਵਿਕਾਸ ਦਾ ਨਤੀਜਾ ਹੈ ਅਤੇ ਉਸਦੇ ਇਸ ਵਿਗਿਆਨਕ ਸਿਧਾਂਤ ਨੂੰ ਅੱਜ ਤੱਕ ਕਿਸੇ ਵੀ ਸੰਸਥਾ ਵਲੋਂ ਝੁਠਲਾਇਆ ਨਹੀਂ ਜਾ ਸਕਿਆ। ਉਨ੍ਹਾਂ ਨੇ ਮੋਦੀ ਸਰਕਾਰ ਉੱਤੇ ਸਿੱਖਿਆ ਦੇ ਭਗਵੇਂਕਰਨ, ਨਿੱਜੀਕਰਨ ਅਤੇ ਵਪਾਰੀਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਹ ਵਿਦਿਆਰਥੀਆਂ ਉਤੇ ਬੋਝ ਘਟਾਉਣ ਦੇ ਬਹਾਨੇ ਆਪਣੇ ਹਿੰਦੂ ਰਾਸ਼ਟਰ ਦੇ ਫਿਰਕੂ, ਫਾਸ਼ੀਵਾਦੀ ਅਤੇ ਰੂੜੀਵਾਦੀ ਏਜੰਡੇ ਹੇਠ ਡਾਰਵਿਨ ਦੇ ਕੌਮਾਂਤਰੀ ਪੱਧਰ ਤੇ ਸਰਬ ਪ੍ਰਮਾਣਿਤ ਮਨੁੱਖ ਦੀ ਉਤਪਤੀ ਦੇ ਵਿਗਿਆਨਕ ਸਿਧਾਂਤ ਨੂੰ ਸਿੱਖਿਆ ਸਿਲੇਬਸ 'ਚੋਂ ਮਨਫੀ ਕਰਕੇ ਵਿਦਿਆਰਥੀਆਂ ਨੂੰ ਅਧਿਆਤਮਵਾਦ ਅਤੇ ਰੂੜੀਵਾਦ ਦੇ ਅੰਧਵਿਸ਼ਵਾਸਾਂ ਦੀ ਦਲਦਲ ਵਿੱਚ ਸੁੱਟਣਾ ਚਾਹੁੰਦੀ ਹੈ ਜਿਸਦਾ ਪੰਜਾਬ ਅਤੇ ਦੇਸ ਭਰ ਦੀਆਂ ਸਮੂਹ ਤਰਕਸ਼ੀਲ ਅਤੇ ਵਿਗਿਆਨਕ ਚੇਤਨ ਸੰਸਥਾਵਾਂ ਵਲੋਂ ਸਖਤ ਵਿਰੋਧ ਕੀਤਾ ਜਾਵੇਗਾ।

ਤਰਕਸ਼ੀਲ ਆਗੂ ਸੰਦੀਪ ਧਾਰੀਵਾਲ ਭੋਜਾ ਨੇ ਦੱਸਿਆ ਕਿ ਦੇਸ਼ ਭਰ ਦੇ 1800 ਵਿਗਿਆਨੀਆਂ, ਸਿੱਖਿਆ ਸ਼ਾਸਤਰੀਆਂ, ਵਿਦਵਾਨਾਂ ਅਤੇ ਵਿਗਿਆਨਕ ਸੋਚ ਨੂੰ ਪ੍ਰਣਾਏ ਚਿੰਤਕਾਂ ਵਲੋਂ ਮੋਦੀ ਸਰਕਾਰ ਦੇ ਇਸ ਰੂੜੀਵਾਦੀ ਫੈਸਲੇ ਦਾ ਡਟਵਾਂ ਵਿਰੋਧ ਕਰਦੇ ਹੋਏ ਕੇਂਦਰ ਸਰਕਾਰ ਤੋਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਜ਼ੋਰਦਾਰ ਮੰਗ ਕੀਤੀ ਗਈ ਹੈ ਜਿਸਦਾ ਤਰਕਸ਼ੀਲ ਸੁਸਾਇਟੀ ਵਲੋਂ ਪੂਰਾ ਸਮਰਥਨ ਕੀਤਾ ਗਿਆ ਹੈ। ਤਰਕਸ਼ੀਲ ਆਗੂਆਂ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੀ ਧਾਰਾ 51- ਏ (ਐੱਚ) ਤਹਿਤ ਵਿਦਿਆਰਥੀਆਂ ਨੂੰ ਇਸ ਧਰਤੀ ਉੱਤੇ ਕਰੋੜਾਂ ਸਾਲ ਪਹਿਲਾਂ ਜੀਵਾਂ ਦੀ ਉਤਪਤੀ ਕਿਵੇਂ ਹੋਈ ? ਦੇ ਵਿਕਾਸਵਾਦੀ ਸਿਧਾਂਤ ਨੂੰ ਜਾਨਣ ਅਤੇ ਸਮਝਣ ਦਾ ਪੂਰਾ ਸੰਵਿਧਾਨਕ ਹੱਕ ਹੈ ਜਿਸ ਤੋਂ ਉਨ੍ਹਾਂ ਨੂੰ ਵਾਂਝਿਆਂ ਨਹੀਂ ਕੀਤਾ ਜਾ ਸਕਦਾ। ਤਰਕਸ਼ੀਲ ਸੁਸਾਇਟੀ ਨੇ ਮੋਦੀ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਸਮੇਤ ਪਿਛਲੇ ਸਮੇਂ ਵਿੱਚ ਐੱਨਸੀਈਆਰਟੀ ਦੇ ਸਿਲੇਬਸ 'ਚੋਂ ਬਾਹਰ ਕੱਢੇ ਗਏ ਜਮਹੂਰੀਅਤ, ਫੈਡਰਲ ਢਾਂਚੇ ਦੀ ਅਹਿਮੀਅਤ, ਧਰਮ ਨਿਰਪੱਖਤਾ, ਅਵਤਾਰ ਪਾਸ ਦੀ ਇਨਕਲਾਬੀ ਕਵਿਤਾ ਸਭ ਤੋਂ ਖਤਰਨਾਕ, ਗੁਜਰਾਤ ਕਤਲੇਆਮ, ਆਰ. ਐੱਸ. ਐੱਸ. ਉਤੇ ਪਾਬੰਦੀ, ਮੁਗਲ ਕਾਲ ਅਤੇ ਹੋਰਨਾਂ ਲੋਕਪੱਖੀ ਵਿਗਿਆਨਕ ਅਤੇ ਇਤਿਹਾਸਿਕ ਪਾਠਕ੍ਰਮਾਂ ਨੂੰ ਸਿਲੇਬਸ ਵਿੱਚ ਦੁਬਾਰਾ ਸਾਮਿਲ ਕੀਤਾ ਜਾਵੇ ਅਤੇ ਕੌਮੀ ਸਿੱਖਿਆ ਨੀਤੀ 2020 ਨੂੰ ਤੁਰੰਤ ਬਿਨਾਂ ਸ਼ਰਤ ਰੱਦ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਆਗੂ ਮਾਸਟਰ ਸਤਿੰਦਰ, ਲੱਖਬੀਰ ਬਸਰਾਵਾਂ, ਭੁਪਿੰਦਰ ਸਿੰਘ ਕਾਲਾ ਬਾਲਾ, ਸ਼ਿੰਗਾਰਾ ਠੱਕਰ ਸੰਧੂ, ਸੁੱਚਾ ਸਿੰਘ ਪਸਨਾਵਾਲ, ਕਸ਼ਮੀਰ ਸਿੰਘ ਸੰਧੂ, ਗਗਨਦੀਪ ਹਾਜ਼ਰ ਸਨ।

27 ਨੂੰ ਮੰਜੀ ਸਾਹਿਬ ਦੀਵਾਨ ਹਾਲ 'ਚ ਗਿਆਨੀ ਬਲਬੀਰ ਸਿੰਘ ਕਰਨਗੇ ਕਥਾ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਵਿੱਤਰ ਪਾਵਨ ਚਰਨ ਛੋਹ ਅਸਥਾਨ ਗੁਰਦੁਆਰਾ ਗੁਰੂ ਆਨਾ ਸਾਹਿਬ ਵੈਰੋਨੰਗਲ ਦੇ ਹੈੱਡ ਗ੍ਰੰਥੀ ਦਮਦਮੀ ਟਕਸਾਲ ਦੇ ਵਿਦਿਆਰਥੀ ਗਿਆਨੀ ਭਾਈ ਬਲਬੀਰ ਸਿੰਘ ਕਥਾਵਾਚਕ, 27 ਅਪ੍ਰੈਲ ਦਿਨ ਵੀਰਵਾਰ ਨੂੰ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਦੇ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਦੇਸ਼-ਵਿਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਪਵਿੱਤਰ ਪਾਵਨ ਗੁਰਬਾਣੀ ਦੀ ਕਥਾ ਵੀਚਾਰ ਸਰਵਣ ਕਰਵਾਉਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਲੱਖਾ ਸਿੰਘ ਹੈੱਡ ਗ੍ਰੰਥੀ ਗੁਪਤਾ ਨੇ ਦੱਸਿਆ ਕਿ ਗਿਆਨੀ ਬਲਬੀਰ ਸਿੰਘ ਪੱਡਾ ਪਿਛਲੇ ਸਮੇਂ ਵਿੱਚ ਵੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਮੰਜੀ ਸਾਹਿਬ ਦੀਵਾਨ ਵਿਚ ਕਥਾ ਵਿਚਾਰ ਦੀ ਸੇਵਾ ਕਰ ਚੁੱਕੇ ਹਨ ਅਤੇ ਦਿੱਲੀ ਸ੍ਰੀ ਬੰਗਲਾ ਸਾਹਿਬ ਅਤੇ ਕੈਨੇਡਾ ਦੀ ਧਰਤੀ ਉੱਪਰ ਵਿਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਗੁਰਬਾਣੀ ਦੀ ਪਵਿੱਤਰ ਪਾਵਨ ਕਥਾ ਵਿਚਾਰ ਅਤੇ ਗੁਰਸਿੱਖੀ ਦਾ ਪ੍ਰਚਾਰ ਕਰ ਚੁੱਕੇ ਹਨ ਤੇ ਹੁਣ ਉਹ ਸਿਪਾਹੀ ਰੈਂਕ ਵਾਲੇ ਦਿਨ ਸਵੇਰੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਮੰਜੀ ਸਾਹਿਬ ਵਿਖੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ।

ਨਵੇਂ ਦਾਖਲ ਹੋਣ ਵਾਲੇ ਵਿਦਿਆਰਥੀਆਂ ਨੂੰ ਕਿਤਾਬਾਂ ਤੁਰੰਤ ਮੁਹੱਈਆ ਕਰਵਾਈਆਂ ਜਾਣ : ਕਮਲਦੀਪ ਕੌਰ

ਪਠਾਨਕੋਟ (ਦਵਿੰਦਰ ਸਿੰਘ)-ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਵੱਡੇ ਪੱਧਰ ਤੇ ਸਰਕਾਰੀ ਸਕੂਲਾਂ ਚ ਦਾਖਲ ਕਰਵਾਉਣ ਲਈ ਜਾਰੀ ਵਿਸ਼ੇਸ਼ ਮੁਹਿੰਮ ਲਗਾਤਾਰ ਚੱਲ ਰਹੀ ਹੈ ਅਤੇ ਇਸ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਸਿੱਖਿਆ ਮੰਤਰੀ ਪੰਜਾਬ ਸਰਦਾਰ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪਠਾਨਕੋਟ ਵਿੱਚ ਇਸ ਮੁਹਿੰਮ ਨੂੰ ਹੋਰ ਰਫ਼ਤਾਰ ਦੇਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਰੋਟ ਮਹਿਰਾ ਵਿਖੇ ਬੀਪੀਈਓ ਨਰੇਸ਼ ਪਨਿਆੜ ਦੀ ਅਗਵਾਈ ਹੇਠ ਬਲਾਕ ਪਠਾਨਕੋਟ-2 ਦੇ ਸਮੂਹ ਸਕੂਲ ਮੁਖੀਆਂ ਅਤੇ ਦਫਤਰੀ ਅਮਲੇ ਨਾਲ ਨਵੇਂ ਦਾਖਲੇ ਅਤੇ ਨਵੇਂ ਵਿੱਦਿਅਕ ਸੈਸ਼ਨ ਨੂੰ ਲੈ ਕੇ ਮੀਟਿੰਗ ਕੀਤੀ ਗਈ ਜਿਸ ਵਿੱਚ ਜ਼ਿਲ੍ਹਾ ਦਾਖ਼ਲਾ ਕਮੇਟੀ ਚੇਅਰਮੈਨ ਕਮ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਡੀਜੀ ਸਿੰਘ ਨੇ ਮੁੱਖ ਤੌਰ 'ਤੇ ਸ਼ਾਮਿਲ ਹੋ ਕੇ ਅਧਿਆਪਕਾਂ ਨੂੰ ਪ੍ਰੇਰਿਤ ਕਰਦਿਆਂ ਵਿਸਥਾਰ ਨਾਲ ਦਾਖਲਾ ਮੁਹਿੰਮ ਦੇ ਹਰ ਪੱਖ ਦਾ ਰੀਵਿਊ ਕੀਤਾ। ਜ਼ਿਲ੍ਹਾ ਅਧਿਕਾਰੀਆਂ ਨੇ ਸਕੂਲ ਮੁਖੀਆਂ ਨੂੰ ਦਾਖਲ ਹੋਏ ਸਾਰੇ ਵਿਦਿਆਰਥੀਆਂ ਨੂੰ ਤੁਰੰਤ ਕਿਤਾਬਾਂ ਜਾਰੀ ਕਰਨ, ਸਕੂਲ ਨੂੰ ਸਾਫ ਸੁਥਰਾ ਰੱਖਣ, ਮਿਡ ਡੇ ਮੀਲ ਮੀਨੂੰ ਅਨੁਸਾਰ ਬਣਾਉਣ ਅਤੇ ਸਮੂਚਾ ਰਿਕਾਰਡ ਵਿਭਾਗ ਦੇ ਈ-ਪੰਜਾਬ ਪੋਰਟਲ 'ਤੇ ਅਪਡੇਟ ਕਰਨ ਲਈ ਪ੍ਰੇਰਿਤ ਕੀਤਾ। ਇਸ ਸਬੰਧੀ ਉਨ੍ਹਾਂ ਦਫਤਰੀ ਅਮਲੇ ਨੂੰ ਸਮੂਹ ਸਕੂਲ ਮੁਖੀਆਂ ਨੂੰ ਸਕੂਲੀ ਰਿਕਾਰਡ ਅਪਡੇਟ ਕਰਨ ਲਈ ਪੂਰੀ ਸਹਾਇਤਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮ ਦਾਖਲਾ ਕਮੇਟੀ ਚੇਅਰਮੈਨ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਨੇ ਦੱਸਿਆ ਕਿ ਇਸ ਸਾਲ ਲਈ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਮੁਹਿੰਮ ਪੂਰੇ ਜ਼ੋਰਾਂ ਨਾਲ ਚੱਲ ਰਹੀ ਹੈ, ਜਿਸ ਵਿੱਚ ਸਿੱਖਿਆ ਅਧਿਕਾਰੀ, ਅਧਿਆਪਕ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਰਾਹੀਂ ਘਰ ਘਰ ਤੱਕ ਪਹੁੰਚ ਬਣਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਨੂੰ ਮਿਲੇ ਟੀਚੇ ਨੂੰ ਹਾਸਿਲ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਵੱਡੀ ਯੋਜਨਾ ਉਲੀਕੀ ਗਈ ਹੈ। ਇਸ ਯੋਜਨਾ ਤਹਿਤ ਸਾਰੇ ਬਲਾਕਾਂ ਵਿੱਚ ਪੜਾਅਵਾਰ ਪ੍ਰੇਰਣਾਦਾਇਕ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਨਜ਼ਰੀਆ ਬਦਲਿਆ ਹੈ ਅਤੇ ਹੁਣ ਲੋਕ ਆਪਣੇ ਬੱਚਿਆਂ ਨੂੰ ਮੁੜ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣ ਵਿਚ ਰੁਚੀ ਲੈ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਦੇ ਦਾਖਲੇ ਲਈ ਨੇੜੇ ਦੇ ਸਕੂਲ ਦੇ ਨਾਲ-ਨਾਲ ਹੁਣ ਆਨਲਾਈਨ ਪੋਰਟਲ ਤੇ ਵੀ ਰਜਿਸਟਰ ਕਰਵਾਇਆ ਜਾ ਸਕਦਾ ਹੈ।

ਬੀਪੀਈਓ ਨਰੇਸ਼ ਪਨਿਆੜ ਨੇ ਕਿਹਾ ਕਿ ਇਸ ਦਾਖਲਾ ਅਭਿਆਨ ਦੌਰਾਨ ਅਧਿਆਪਕ ਸਮਾਜ ਵਿੱਚ ਰਾਬਤਾ ਕਾਇਮ ਕਰਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲੇ ਬਾਰੇ ਜਾਣਕਾਰੀ ਦੇ ਰਹੇ ਹਨ। ਜ਼ਿਲ੍ਹਾ ਅਧਿਕਾਰੀਆਂ ਨੇ ਦੱਸਿਆ ਕਿ ਦਾਖਲਾ ਮੁਹਿੰਮ ਨੂੰ ਪਿੰਡਾਂ ਦੇ ਸਰਪੰਚਾਂ, ਪੰਚਾਂ, ਆਂਗਣਵਾੜੀ ਵਰਕਰਾਂ, ਮਿਡ ਡੇ ਮੀਲ ਵਰਕਰਾਂ ਸਮੇਤ ਪਿੰਡ ਦੇ ਮੋਹਤਬਰਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਅਤੇ ਦਾਖਲਾ ਮੁਹਿੰਮ ਦੌਰਾਨ ਘਰਾਂ ਘਰਾਂ ਵਿੱਚ ਨਾਲ ਜਾ ਕੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਕੋਆਰਡੀਨੇਟਰ ਵਨੀਤ ਮਹਾਜਨ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਸਮੇਤ ਸਮੂਹ ਸਕੂਲ ਮੁਖੀ ਅਤੇ ਦਫਤਰੀ ਸਟਾਫ ਹਾਜ਼ਰ ਸੀ।

ਆਮ ਆਦਮੀ ਕਲੀਨਿਕ ਮਾਡਲ ਸਿਹਤ ਸੇਵਾਵਾਂ 'ਚ ਇੱਕ ਕ੍ਰਾਂਤੀਕਾਰੀ ਸੁਧਾਰ: ਬਹਿਲ

ਗੁਰਦਾਸਪੁਰ (ਜਨਕ ਮਹਾਜਨ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ

25-April-PAGE-12.qxd 4/24/2023 10:38 PM Page 1

ਪੰਜਾਬ ਖੇਤ ਮਜ਼ਦੂਰ ਸਭਾ ਦੀ ਸੱਤ ਮੈਂਬਰੀ ਕਮੇਟੀ ਦਾ ਗਠਨ

ਨਵਾ ਸ਼ਹਿਰ (ਮਨੋਜ ਲਾਡੀ) ਪੰਜਾਬ ਖੇਤ ਮਜ਼ਦੂਰ ਸਭਾ ਦੀ ਮੀਟਿੰਗ ਪਿੰਡ ਕਾਹਮਾ ਵਿਖੇ ਬੀਬੀ ਪਰਵਿੰਦਰ ਕੌਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾ, ਭਾਰਤੀ ਕਮਿਊਨਿਸਟ ਪਾਰਟੀ ਦੇ ਜਿਲ੍ਹਾ ਸਕੱਤਰ ਕਾਮਰੇਡ ਸੁਤੰਤਰ ਕੁਮਾਰ ਨਵਾਸ਼ਹਿਰ ਨੇ ਆਪਣੇ ਸਾਂਝੇ ਬਿਆਨ 'ਚ ਕਿਹਾ ਕਿ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਦਲਿਤਾਂ ਪ੍ਰਤੀ ਵਿਤਕਰੇਬਾਜ਼ੀ ਦਾ ਪਰਦਾਫਾਸ਼ ਕਰਨ ਲਈ ਅਤੇ ਮਨਰੇਗਾ ਨੂੰ ਸਹੀ ਲਾਗੂ ਕਰਵਾਉਣ ਵਾਸਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ 30 ਮਈ ਨੂੰ ਦਿੱਲੀ ਵਿਖੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਉਸ ਰੈਲੀ 'ਚ ਭਾਜਪਾ ਸਰਕਾਰ ਅਤੇ ਹੋਰ ਲੋਕ ਵਿਰੋਧੀ ਪਾਰਟੀਆਂ ਦਾ ਪਰਦਾਫਾਸ਼ ਕਰਕੇ ਮਜਦੂਰਾਂ ਨੂੰ ਆਪਣਾ ਏਕਾ ਕਾਇਮ ਰੱਖਣ ਤੇ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਾਂ ਦੇ ਰਾਹ ਪੈਣ ਦਾ ਸੱਦਾ ਦਿੱਤਾ। ਕਾਹਮਾ ਦੇ ਮਜਦੂਰਾਂ ਦੇ ਦੱਸਿਆਂ ਕਿ ਅਸੀਂ ਦੋ ਸਾਲ ਪਹਿਲਾਂ ਮਨਰੇਗਾ 'ਚ ਕੰਮ ਕੀਤਾ ਸੀ ਪਰ ਅਜੇ ਤੱਕ ਪੈਸੇ ਨਹੀਂ ਦਿੱਤੇ ਗਏ।

ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੀਆ ਕੀਤੀਆ ਗਰੰਟੀਆ ਪੂਰੀਆ ਕਰੇ। ਮਜਦੂਰਾਂ ਨੂੰ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ 700 ਰੁਪਏ, ਮਜਦੂਰਾਂ ਸਿਰ ਚੜ੍ਹਿਆ ਕਰਜਾ ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਮੁਆਫ, ਵਿਧਵਾ ਤੇ ਬੁਢਾਪਾ ਪੈਨਸ਼ਨ 5000 ਰੁਪਏ, ਬੇਘਰੇ ਅਤੇ ਲੋੜਵੰਦ ਲੋਕਾ ਨੂੰ ਦਸ ਦਸ ਮਰਲਿਆ ਦੇ ਪਲਾਟ ਅਤੇ ਘਰ ਬਣਾਉਣ ਲਈ ਗਰਾਂਟ, ਮਜਦੂਰ ਲੋਕਾ ਦੇ ਕੱਟੇ ਹੋਏ ਰਾਸ਼ਨ ਕਾਰਡ ਤੁਰੰਤ ਬਹਾਲ ਕੀਤੇ ਜਾਣ। ਇਸ ਮੌਕੇ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੀ ਪ੍ਰਧਾਨ ਪਰਵਿੰਦਰ ਕੌਰ, ਜਰਨਲ ਸਕੱਤਰ ਰਾਜ ਰਾਣੀ, ਮੀਤ ਪ੍ਰਧਾਨ ਆਸ਼ਾ, ਅਵਤਾਰ ਕੌਰ ਮੀਤ ਸਕੱਤਰ, ਰਾਣੀ, ਸਵਿੱਤਰੀ ਕੈਸ਼ੀਅਰ ਕਮਲੇਸ਼ ਬਾਵਾ ਅਦਿ ਚੁਣੇ ਗਏ। ਹੋਰਨਾ ਤੋਂ ਇਲਾਵਾ ਗੁਰਬਖਸ਼ ਕੌਰ, ਰਾਜਬੀਰ ਕੌਰ, ਨਰੰਜਣ ਦਾਸ ਮੋਹਲੀ ਆਦਿ ਨੇ ਸੰਬੋਧਨ ਕੀਤਾ।

ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਵਿਦਾਇਗੀ ਪਾਰਟੀ

ਜਲੰਧਰ (ਸ਼ੈਲੀ ਐਲਬਰਟ)- ਅੰਤਮ ਸਾਲ ਦੇ ਵਿਦਿਆਰਥੀਆਂ ਨੂੰ ਅਲਵਿਦਾ ਕਿਹਣ ਲਈ, ਇਨੋਸੈਂਟ ਹਾਰਟਸ ਗਰੁੱਪ ਇੰਸਟੀਚਿਊਸ਼ਨਜ਼ ਇੰਸਟੀਚਿਊਸ਼ਨਜ਼ ਨੇ ਵਿਦਾਇਗੀ ਪਾਰਟੀ ਸਾਯੋਨਾਰਾ-2023 ਦਾ ਆਯੋਜਨ ਕੀਤਾ। ਰਾਹੁਲ ਜੈਨ (ਡਿਪਟੀ ਡਾਇਰੈਕਟਰ, ਸਕੂਲ ਅਤੇ ਕਾਲਜ) ਇਸ ਮੌਕੇ ਮੁੱਖ ਮਿਹਮਾਨ ਵਜੋਂ ਅਤੇ ਡਾ. ਅਰਿਸੰਦਰ (ਪ੍ਰਿੰਸੀਪਲ, ਇਨੋਸੈਂਟ ਹਾਰਟ ਸਕੂਲ ਕਾਲਜ ਆਫ਼ ਐਜੂਕੇਸ਼ਨ) ਗੈਸਟ ਓਫ ਆਨਰ ਵਜੋਂ ਸ਼ਾਮਲ ਹੋਏ। ਮਿਸ ਸੋਨਾਲੀ (ਪ੍ਰਿੰਸੀਪਲ, ਸੀ ਜੇ ਆਰ) ਅਤੇ ਮਿਸ ਸ਼ੀਤੂ (ਪ੍ਰਿੰਸੀਪਲ, ਕੇ ਪੀ ਟੀ) ਨੂੰ ਇਸ ਸਮਾਗਮ 'ਚ ਮਾਡਲਿੰਗ ਦੀ ਜਜਮੈਂਟ ਲਈ ਬੁਲਾਇਆ ਗਿਆ । ਮਾਡਲਿੰਗ ਦੇ ਨਿਰਣੇ ਲਈ ਮਿਸ ਸੋਨਾਲੀ (ਪ੍ਰਿੰਸੀਪਲ, ਸੀਜੇਆਰ) ਅਤੇ ਮਿਸ ਸ਼ੀਤੂ (ਪ੍ਰਿੰਸੀਪਲ, ਕੇਪੀਟੀ) ਨੂੰ ਵਿਸ਼ੇਸ਼ ਮਿਹਮਾਨ ਵਜੋਂ ਬੁਲਾਇਆ ਗਿਆ। ਇਸ ਸਮਾਗਮ ਵਿੱਚ ਮਿਸ ਸ਼ਰਮੀਲਾ ਨਾਕਰਾ (ਡਿਪਟੀ ਡਾਇਰੈਕਟਰ, ਸੱਭਿਆਚਾਰਕ ਮਾਮਲੇ) ਮਿਸ ਗੁਰਿਵੰਦਰ ਕੌਰ (ਡਿਪਟੀ ਡਾਇਰੈਕਟਰ, ਸਕੂਲ ਅਕਾਦਿਮਕ ਅਤੇ ਪ੍ਰੀਖਿਆ) ਅਤੇ ਮਿਸ ਹਰਲੀਨ ਗੁਲਰੀਆ (ਡਿਪਟੀ ਡਾਇਰੈਕਟਰ ਪ੍ਰਾਇਮਰੀ ਅਤੇ ਮਿਡਲ ਸਿੱਖਿਆ) ਨੇ ਸਨਮਾਨਿਤ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸੀਨੀਅਰਜ਼ ਪ੍ਰਤੀ ਸ਼ੁਕਰਗੁਜ਼ਾਰੀ, ਪਿਆਰ ਅਤੇ ਸਤਿਕਾਰ ਨੂੰ ਦਰਸਾਉਣ ਲਈ ਜੂਨੀਅਰ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਸਰਸਵਤੀ ਵੰਦਨਾ, ਗਰੁੱਪ ਡਾਂਸ, ਗਾਇਨ ਅਤੇ ਭੰਗੜਾ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਪੇਸ਼ ਕੀਤੇ ਗਏ।

ਮਿਸਟਰ ਫੇਅਰਵਲ- ਗੌਤਮ (ਬੀ.ਸੀ.ਏ.-6) ਮਿਸ ਫੇਅਰਵਲ- ਹਰਪ੍ਰੀਤ ਕੌਰ (ਐਮ ਐਲ ਏਸ-6) ਮਿਸਟਰ ਹੈਂਡਸਮ- ਗੁਰਸੇਵਕ ਸਿੰਘ (ਬੀ.ਬੀ.ਏ.-6) ਮਿਸ ਚਾਰਿਮੰਗ- ਗੁਰਪ੍ਰੀਤ ਕੌਰ (ਬੀ.ਸੀ.ਏ.-6) ਮਿਸਟਰ ਟੈਲੇਂਟਿਡ-ਸਿਧਾਰਥ (ਐਗਰੀਕਲਚਰ-8) ਮਿਸ ਟੈਲੇਂਟਿਡ- ਲਵਪ੍ਰੀਤ ਕੌਰ (ਬੀ.ਸੀ.ਏ.-6) ਰਹੇ. ਡਾ. ਅਨੂਪ ਬੌਰੀ (ਚੇਅਰਮੈਨ) ਨੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਕੋਰਸ ਨੂੰ ਸਫਲਤਾਪੂਰਵਕ ਪੂਰਾ ਕਰਨ ਲਈ ਵਧਾਈ ਦਿੱਤੀ। ਉਨਾਂ ਨੇ ਵਿਦਿਆਰਥੀਆਂ ਨੂੰ ਸੁਝਾਅ ਦਿੱਤਾ ਕਿ ਉਹ ਸਫਲ ਕਰੀਅਰ ਲਈ ਆਪਣੇ ਮੁੱਲ ਅਤੇ ਮਾਣ ਨਾਲ ਸਮਝੌਤਾ ਨਾ ਕਰਨ । ਡਾ. ਅਰਿਸੰਦਰ (ਪ੍ਰਿੰਸੀਪਲ,ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ) ਨੇ ਫੈਕਿਲਟੀ ਮੈਂਬਰ ਅਤੇ ਵਿਦਿਆਰਥੀਆਂ ਨੂੰ ਅਜਿਹੇ ਦਿਲਕਸ਼ ਸਮਾਗਮ ਦੇ ਆਯੋਜਨ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਵਿਦਿਆਰਥੀਆਂ ਦਾ ਆਤਮ ਵਿਸ਼ਵਾਸ ਅਤੇ ਲੀਡਰਿਸ਼ਪ ਸ਼ਲਾਘਾਯੋਗ ਹੈ।ਉਨ੍ਹਾਂ ਨੇ ਭਵਿੱਖ ਲਈ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਡਾ. ਸ਼ੈਲੇਸ਼ ਤ੍ਰਿਪਾਠੀ (ਗਰੁੱਪ ਡਾਇਰੈਕਟਰ) ਨੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਤੁਹਾਡੇ ਪੈਰਾਂ ਦੇ ਨਿਸ਼ਾਨ ਕੈਂਪਸ ਵਿੱਚ ਤੁਹਾਡੀਆਂ ਯਾਦਾਂ ਨੂੰ ਹਮੇਸ਼ਾ ਯਾਦ ਰੱਖਣਗੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਲਗਾਤਾਰ ਮਿਹਨਤ ਅਤੇ ਇਮਾਨਦਾਰੀ ਨਾਲ ਜੀਵਨ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਵੀ ਪ੍ਰੇਰਿਤ ਕੀਤਾ ।

ਅੱਖਾਂ ਦਾ ਮੁਫਤ ਕੈਂਪ ਲਗਾਇਆ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਗੁਰੂ ਨਾਨਕ ਆਈ ਹਸਪਤਾਲ ਅਤੇ ਹੋਮਿਓਪੈਥਿਕ ਕੇਂਦਰ ਅਹੀਆਪੁਰ ਟਾਂਡਾ ਵਿਖੇ ਮਾਨਵਤਾ ਦੀ ਸੇਵਾ ਨੂੰ ਮੁੱਖ ਰੱਖਦਿਆ ਨਿਊਰੋਸਪਾਇਨ ਤੇ ਜਰਨਲ ਕਲੀਨਿਕ ਜਲੰਧਰ ਵੱਲੋਂ ਇੱਕ-ਦਿਨਾਂ ਨਿਊਰੋਸਪਾਇਨ, ਜਨਰਲ ਬਿਮਾਰੀਆਂ ਅਤੇ ਅੱਖਾਂ ਦਾ ਮੁਫਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਡਾ.ਬਿਕਰਮਜੀਤ ਸਿੰਘ, ਡਾ. ਨਵਨੀਤ ਕੌਰ ਅਤੇ ਡਾ. ਹਰਸਿੰਦਰ ਕੌਰ ਦੀ ਮਾਹਰ ਡਾਕਟਰੀ ਟੀਮ ਨੇ 210 ਮਰੀਜਾਂ ਦਾ ਚੈੱਕਅੱਪ ਕਰਦੇ ਹੋਏ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੰਦੇ ਹੋਏ ਸਿਹਤ ਪ੍ਰਤੀ ਜਾਗਰੂਕ ਕੀਤਾ। ਇਸ ਮੌਕੇ ਡਾ. ਹਰਸਿੰਦਰ ਕੌਰ ਨੇ ਦੱਸਿਆ ਕਿ ਮਨੁੱਖਤਾ ਦੀ ਸੇਵਾ ਤਹਿਤ ਪਹਿਲਾਂ ਵੀ ਹਸਪਤਾਲ ਵਿਖੇ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਏ ਜਾਂਦੇ ਹਨ। ਇਸ ਕੈਂਪ ਦੀ ਸਮਾਪਤੀ ਤੇ ਹਸਪਤਾਲ ਦੇ ਪ੍ਰਬੰਧਕਾਂ ਵੱਲੋਂ ਡਾਕਟਰੀ ਟੀਮ ਤੇ ਹੋਰਨਾਂ ਸਹਿਯੋਗੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਬਿਕਰਮਜੀਤ ਕੌਰ, ਸੋਨੀਆ, ਗੁਰਪ੍ਰੀਤ ਕੌਰ, ਪੂਨਮ, ਮਨਦੀਪ ਕੌਰ, ਸਮਕਸ ਸਿੰਗਿਆਨੀ, ਅਮਿਤ ਕੁਮਾਰ, ਦਵਿੰਦਰ ਸਿੰਘ, ਜਯੋਤੀ, ਸੁਰਿੰਦਰਪਾਲ ਸਿੰਘ ਆਦਿ ਵੀ ਹਾਜ਼ਰ ਸਨ।

ਪੁਸਤਕ ਵੰਡ ਸਮਾਗਮ 'ਚ ਬਰਸਟ ਨੇ ਕੀਤੀ ਸ਼ਿਰਕਤ

ਜਲੰਧਰ, (ਸ਼ੈਲੀ ਐਲਬਰਟ) ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਇੱਥੇ ਵਿਸ਼ਵ ਪੁਸਤਕ ਦਿਵਸ ਦੇ ਮੌਕੇ 'ਕਨਸਰਨ' ਐਨ ਜੀ ਓ ਜਲੰਧਰ ਵੱਲੋਂ ਕਰਵਾਏ ਗਏ ਪੁਸਤਕ ਵੰਡ ਸਮਾਗਮ ਦੇ ਅਵਸਰ 'ਚ ਸ਼ਿਰਕਤ ਕੀਤੀ। ਇਸ ਸਮਾਗਮ ਦੌਰਾਨ ਗਰੀਬ 'ਤੇ ਲੋੜਵੰਦ ਬੱਚਿਆ, ਜਿਹੜੇ ਪੁਸਤਕਾਂ ਨਹੀਂ ਖਰੀਦ ਸਕਦੇ ਸਨ, ਨੂੰ ਮੁਫਤ ਪੁਸਤਕਾਂ ਵੰਡੀਆਂ ਗਈਆਂ। ਇਸ ਮੌਕੇ ਸਰਕਾਰੀ ਸਕੂਲਾਂ ਸਮੇਤ ਪ੍ਰਾਈਵੇਟ ਸਕੂਲਾਂ, ਕਾਲਜਾਂ ਦੀਆਂ ਪੁਸਤਕਾਂ ਵੰਡੀਆਂ ਗਈਆਂ। ਐਨ ਜੀ ਓ ਕਨਸਰਨ ਵਲੋਂ ਗਰੀਬ 'ਤੇ ਲੋੜਵੰਦ ਬੱਚਿਆਂ ਦੀ ਸਹਾਇਤਾ ਲਈ ਕੀਤੇ ਗਏ ਇਸ ਉਪਰਾਲੇ ਦੀ ਹਰਚੰਦ ਸਿੰਘ ਬਰਸਟ ਨੇ ਸ਼ਲਾਘਾਂ ਕੀਤੀ। ਉਨ੍ਹਾਂ ਅਜਿਹੇ ਉਪਰਾਲਿਆ ਨੂੰ ਆਉਣ ਵਾਲੇ ਸਮੇਂ ਵਿਚ ਵਧਾਉਣ ਲਈ ਪ੍ਰੇਰਿਆ। ਇਸ ਮੌਕੇ ਵਿਧਾਇਕ ਸਰਬਜੀਤ ਕੌਰ ਮਾਣੂਕੇ, ਵਿਧਾਇਕ ਜਮੀਲ ਉਲ ਰਹਿਮਾਨ, ਪੂਜਾ ਖੰਨਾ, ਆਤਮ ਪ੍ਰਕਾਸ਼ ਬਬਲੂ, ਸੁਭਾਸ਼ ਪ੍ਰਭਾਕਰ 'ਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

ਸੀ ਪੀ ਆਈ ਵੱਲੋਂ ਵੱਖ-ਵੱਖ ਪਿੰਡਾਂ 'ਚ ਜਾਗਰੂਕਤਾ ਮਾਰਚ

ਨਵਾ ਸ਼ਹਿਰ, ਬਹਿਰਾਮ (ਮਨੋਜ ਲਾਡੀ, ਅਵਤਾਰ ਕਲੇਰ)-ਭਾਰਤੀ ਕਮਿਊਨਿਸਟ ਪਾਰਟੀ ਨਵਾਂਸ਼ਹਿਰ ਵੱਲੋਂ ਭਾਜਪਾ ਹਟਾਓ, ਦੇਸ਼ ਬਚਾਓ, ਲੋਕ ਬਚਾਓ ਨਾਅਰੇ ਤਹਿਤ ਕੌਮੀ ਪੱਧਰ 'ਤੇ ਚਲਾਈ ਜਾ ਰਹੀ ਜਨ ਤੱਕ ਸੰਪਰਕ ਮਹਿਮ 14 ਅਪ੍ਰੈਲ ਤੋਂ ਸ਼ੁਰੂ ਕਰਕੇ ਅੱਜ ਗਿਆਰ੍ਹਵੇ ਦਿਨ ਵੀ ਜਾਰੀ ਰਹੀ। ਇਸ ਜਨ ਸੰਪਰਕ ਮੁਹਿੰਮ ਦੀ ਅਗਵਾਈ ਭਾਰਤੀ ਕਮਿਊਨਿਸਟ ਪਾਰਟੀ ਦੀ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾ, ਜਿਲ੍ਹਾ ਜਰਨਲ ਸਕੱਤਰ ਕਾਮਰੇਡ ਸੁਤੰਤਰ ਕੁਮਾਰ ਨਵਾਸ਼ਹਿਰ, ਕਾਮਰੇਡ ਨਰੰਜਣ ਦਾਸ ਮੋਹਲੀ, ਕਾਮਰੇਡ ਜਸਵਿੰਦਰ ਸਿੰਘ ਭੰਗਲ, ਕਾਮਰੇਡ ਜਗਤਾਰ ਸਿੰਘ ਪੰਨੂੰ, ਬਲਜਿੰਦਰ ਸਿੰਘ ਆਦਿ ਨੇ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆ ਆਗੂਆਂ ਨੇ ਕਿਹਾ ਕਿ ਪਿਛਲੇ ਨੌਂ ਸਾਲਾ ਤੋਂ ਜਦੋਂ ਦੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੱਤਾ 'ਚ ਆਈ ਹੈ। ਭਾਰਤ ਗਰੀਬੀ ਰੇਖਾ 'ਚ ਤਿਰਾਨਵੇਂ ਤੋਂ 107 ਨੰਬਰ 'ਤੇ ਚਲਾ ਗਿਆ ਹੈ। ਦੇਸ਼ ਦੇ ਹਲਾਤ ਬਹੁਤ ਖਤਰਨਾਕ ਹਨ। ਅਜਿਹੇ ਹਲਾਤਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਭਾਰਤ ਦੇ ਲੋਕਾਂ ਦੀ ਖੁਸ਼ਹਾਲੀ ਵਾਸਤੇ ਅਸੀਂ ਗਲੀ, ਮੁਹੱਲੇ ਅਤੇ ਪਿੰਡਾਂ 'ਚ ਜਾ ਕੇ ਲੋਕਾਂ ਨੂੰ ਸੁਚੇਤ, ਜਾਗਰੂਕ ਅਤੇ ਜਥੇਬੰਦ ਕਰੀਏ। ਕਿਉਂਕਿ ਸੋਨੇ ਦੀ ਚਿੜੀ ਕਹਾਉਣ ਵਾਲਾ ਸਾਡਾ ਪੰਜਾਬ ਅੱਜ ਨਸ਼ੇ ਦੀ ਦਲਦਲ 'ਚ ਫਸਿਆ ਹੋਇਆ ਹੈ। ਸਾਡੇ ਦੇਸ਼ ਨੂੰ ਪਹਿਲਾਂ ਮੁਗਲਾ ਨੇ ਲੁੱਟਿਆ, ਫੇਰ ਅੰਗਰੇਜਾਂ ਤੇ ਹੁਣ ਕਾਰਪੋਰੇਟ ਘਰਾਣਿਆਂ ਨੇ ਸਾਡੀ ਜ਼ਮੀਨ 'ਤੇ ਅੱਖ ਰੱਖ ਲਈ। ਸਾਡੀ ਜ਼ਮੀਨ 'ਤੇ ਹਰੇਕ ਮਨੁੱਖ ਨੂੰ ਰੋਜ਼ਗਾਰ ਮਿਲ ਸਕਦਾ ਹੈ, ਪਰ ਲੋੜ ਹੈ ਮੌਜੂਦਾ ਪੂੰਜੀਪਤੀਆਂ ਦਾ ਰਾਜ ਪ੍ਰਬੰਧ ਖਤਮ ਕਰਕੇ ਕਿਰਤੀ ਲੋਕਾਂ ਦਾ ਰਾਜ ਪ੍ਰਬੰਧ ਕਾਇਮ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਮਲ ਕੁਮਾਰ, ਬੀਬੀ ਗੁਰਬਖ਼ਸ਼ ਕੌਰ, ਰਾਜਬੀਰ ਕੌਰ, ਬੇਟਾ ਬੈਕਮ, ਬਲਬੀਰ ਸਿੰਘ ਜਲੰਧਰ ਆਦਿ ਨੇ ਸੰਬੋਧਨ ਕੀਤਾ।

ਡਾਕਟਰ ਅੰਬੇਡਕਰ ਦੇ 132ਵੇਂ ਜਨਮ ਦਿਹਾੜੇ 'ਤੇ ਖੂਨਦਾਨ ਕੈਂਪ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਭਾਮ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਡਾਕਟਰ ਬੀ ਆਰ ਅੰਬੇਡਕਰ ਸੁਸਾਇਟੀ ਭਾਮ, ਜੱਥੂ ਮੁਹੱਲੇ ਭਾਮ ਵਿਖੇ ਭਾਰਤ ਰਤਨ ਡਾਕਟਰ ਬੀ ਆਰ ਅੰਬੇਡਕਰ ਦੇ 132ਵੇਂ ਜਨਮ ਦਿਹਾੜੇ ਮਿਸ਼ਨਰੀ ਸਮਾਗਮ ਕਰਵਾਏ ਗਏ। ਇਸ ਮੌਕੇ ਮੁੱਖ ਪ੍ਰਬੰਧਕ ਪ੍ਰਧਾਨ ਲਾਈਨ ਐਸ ਪੀ ਐਕਸੀਅਨ ਜੱਥੂ ਭਾਮ, ਡਾਕਟਰ ਇੰਦਰਜੀਤ ਸਿੰਘ ਭਾਮ ਖਜਾਨਚੀ ਨੇ ਦੱਸਿਆ ਕਿ ਡਾਕਟਰ ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ ਮੌਕੇ ਲਾਇਨਜ ਕਲੱਬ ਹੁਸ਼ਿਆਰਪੁਰ ਸਮਰਪਨ ਐਕਟਿਵ ਵੱਲੋਂ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਖੂਨਦਾਨ ਵਿਚ ਸਤਨਾਮ ਬਲੱਡ ਬੈਂਕ ਹੁਸ਼ਿਆਰਪੁਰ ਦੀ ਟੀਮ ਬਲੱਡ ਲੈਣ ਲਈ ਪਹੁੰਚੀ। ਖੂਨਦਾਨ ਕਰਨ ਵਾਲਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਕਲੱਬ ਦੇ ਸੈਕਟਰੀ ਲਾਇਨ ਐਮ ਪੀ ਸਿੱਧੂ, ਪੀ ਆਰ ਓ ਲਾਇਨ ਅਜੀਤ ਸਿੰਘ, ਲਾਇਨ ਡਾਕਟਰ ਲਖਵੀਰ ਸਿੰਘ, ਲਾਇਨ ਮੋਹਣ ਲਾਲ, ਲਾਇਨ ਰਜਿੰਦਰ ਪ੍ਰਸਾਦ, ਲਾਇਨ ਡਾਕਟਰ ਰਤਨ ਚੰਦ ਆਦਿ ਨੇ ਵਿਸੇਸ ਤੌਰ ਤੇ ਪੁੱਜ ਕੇ ਹਾਜ਼ਰੀ ਭਰੀ। ਪ੍ਰਧਾਨ ਲਾਇਨ ਐਸ ਪੀ ਜੱਥੂਐਕਸੀਅਨ ਨੇ ਸਮਾਗਮ ਵਿੱਚ ਸਹਿਯੋਗ ਦੇਣ ਤੇ ਧੰਨਵਾਦ ਕੀਤਾ।

ਬਹੁਤ ਹੀ ਸੁਚੱਜੇ ਢੰਗ ਨਾਲ ਕੰਮ ਕਰ ਰਹੀ ਹੈ ਪੰਜਾਬ ਸਰਕਾਰ : ਡਾ. ਬਲਬੀਰ ਸਿੰਘ

ਆਦਮਪੁਰ (ਪਰਮਜੀਤ ਸਿੰਘ):—ਕੈਬਨਿਟ ਮੰਤਰੀ ਡਾਕਟਰ ਬਲਬੀਰ ਸਿੰਘ ਨਾਲ ਇਕ ਮੀਟਿੰਗ ਵਿਸ਼ੇਸ਼ ਮੀਟਿੰਗ ਹਲਕੇ ਦੇ ਆਗੂ ਹਰਿੰਦਰ ਸਿੰਘ ਵਲੋਂ ਰੱਖੀ ਗਈ ਜਿਸ ਵਿਚ ਤਕਰੀਬਨ 80 ਤੋਂ ਵੱਧ ਵਲੰਟੀਅਰ ਹਾਜਰ ਸਨ । 10 ਮਈ ਨੂੰ ਹੋਣ ਵਾਲੀ ਜ਼ਿਮਨੀ ਚੋਣ 'ਤੇ ਵਿਚਾਰ ਚਰਚਾ ਕੀਤੀ ਗਈ। ਡਾਕਟਰ ਬਲਬੀਰ ਸਿੰਘ ਨੇ ਇਸ ਮੌਕੇ 'ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਦਸਿਆ ਕਿ ਕਿਵੇਂ ਆਮ ਆਦਮੀ ਪਾਰਟੀ ਦੀ ਸਰਕਾਰ , ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬਹੁਤ ਹੀ ਸੁਚੱਜੇ ਢੰਗ ਨਾਲ ਕੰਮ ਕਰ ਰਹੀ ਹੈ । ਆਮ ਜਨਤਾ ਬਹੁਤ ਰਾਹਤ ਮਹਿਸੂਸ ਕਰ ਰਹੀ ਹੈ , ਖਾਸ ਕਰਕੇ ਭ੍ਰਿਸ਼ਟਾਚਾਰ ਵਿੱਚ ਕਮੀ ਆਈ ਹੈ , ਬਿਜਲੀ ਦੇ ਬਿੱਲ ਲਗਭਗ " ਸਿਫਰ" ਆ ਰਹੇ ਹਨ , 500 ਤੋਂ ਵੱਧ ਮੁਹੱਲਾ ਕਲੀਨਿਕ ਖੋਲੇ ਗਏ ਹਨ , ਤਕਰੀਬਨ 29000 ਨੌਕਰੀਆਂ ਦਿੱਤੀਆਂ ਗਈਆਂ ਹਨ । ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ ਵਿੱਚ ਆਪ ਉਮੀਦ